


ਅਜ ਤੋਂ ਬਾਅਦ ਮੇਰੀ ਹਰ ਕਵਿਤਾ, ਹਰ ਸ਼ਬਦ, ਹਰ ਵਾਕ
ਤੇਰੇ ਪਿਆਰ ਦਾ ਮੁਹਤਾਜ਼ ਹੋਵੇਗਾ
ਸਾਡੇ ਇਸ਼ਕ ਦੇ ਸਫ਼ਰ ਦਾ ਹਰ ਪਲ, ਹਰ ਦੌਰ
ਇਸਦੇ ਰਾਹੀਂ ਬਿਆਨ ਹੋਵੇਗਾ ।

ਕੀ ਹੋਇਆ ਨਾ ਮਿਲ ਸਕਿਆ, ਜੇ ਮੁਕਾਮ ਸਾਡੇ ਪਿਆਰ ਨੂੰ
ਪਰ ਜੋ ਇਕਰਾਰ, ਜੋ ਖਿਆਲ
ਕਿੱਧਰੇ ਬੇਜ਼ੁਬਾਨ ਸਾਡੇ ਮਨਾਂ ਅੰਦਰ ਧੜਕਦੇ ਰਹੇ
ਇਸਦੇ ਸਾਹੀਂ ਉਹ ਹਰ ਲਫ਼ਜ਼ ਇਸਦੀ ਆਵਾਜ਼ ਹੋਵੇਗਾ ।

ਤੂੰ ਅਜ ਵੀ ਕਿੱਧਰੇ ਜ਼ਰੂਰ ਮੇਰੇ ਆਸ-ਪਾਸ ਹੀ ਹੈਂ
ਨਹੀ ਤੇ ਟੁੱਟ ਕੇ ਕਦੋਂ ਦਾ ਵਿਖਰ ਗਿਆ ਹੁੰਦਾ ਮੈਂ
ਪਰ ਇਕ ਵਿਸ਼ਵਾਸ ਸੀ, ਇਕ ਅਹਿਸਾਸ ਸੀ
ਜੋ ਹਰ ਕੜੀ ਨੂੰ ਜੋੜਦੀ ਰਹੀ
ਸ਼ਾਇਦ ਇਹੀ ਸਾਡੇ ਪਿਆਰ ਦਾ ਇਕਰਾਰ ਹੋਵੇਗਾ ।

ਤੂੰ ਅਜ ਵੈਸੇ ਤਾਂ ਬਹੁਤ ਦੂਰ ਹੈਂ
ਪਰ ਮੈਂ ਕਦੇ ਵੀ ਤੈਨੂੰ ਆਪਣੇ ਤੋਂ ਦੂਰ ਨਹੀ ਕੀਤਾ
ਤੂੰ ਮੇਰੇ ਖਿਆਲਾਂ 'ਚ ਮੇਰੀਆਂ ਰਚਨਾਵਾਂ 'ਚ
ਜੀਂਵਦੀ ਰਹੀ, ਧੜਕਦੀ ਰਹੀ
ਇਹ ਬਸ ਤੇਰਾ ਹੀ ਸੁਭਾਅ ਹੋਵੇਗਾ ।

ਮੈਨੂੰ ਯਾਦ ਹੈ ਅਜ ਵੀ ਉਹ ਦਰਗਾਹ
ਜਿਥੇ ਆਪਾਂ ਇਕ ਦੂਸਰੇ ਲਈ ਇਰਤਜ਼ਾਹ ਕੀਤੀ ਸੀ,
ਦੁਆ ਕੀਤੀ ਸੀ
ਸ਼ਾਇਦ ਉਹ ਮੰਜਰ ਹੀ
ਸਾਡੇ ਪਿਆਰ ਦਾ ਪਹਿਲਾ ਪੜਾਵ ਹੋਵੇਗਾ।

ਅਜ ਰੁੱਖਾਂ ਨੂੰ ਝੂਮਦੇ ਵੇਖਦਾ ਹਾਂ
ਇਹਨਾਂ ਨਾਲ ਅਠਖੇਲੀਆਂ ਕਰਦੇ
ਇਹ ਫੁੱਲ ਇਹ ਟਹਿਣੀਆਂ ਇਹ ਲਰਾਂ
ਸ਼ਾਇਦ ਇਹੀਓ ਸਭ ਇਹਦਾ ਸੰਸਾਰ ਹੋਵੇਗਾ

ਇਹ ਪੌਣਾਂ 'ਚ ਮਹਿਕਦੀ ਖੁਸ਼ਬੋ, ਮੱਧਮ ਜਿਹੀ ਵੱਗਦੀ ਹਵਾ
ਪਤਿੱਆਂ ਦੇ ਪਿੰਡੇ ਤੇ ਰੁਮਕਦਾ,
ਤ੍ਰੇਲ ਦੀਆਂ ਬੂੰਦਾਂ ਦਾ ਹਾਸਾ
ਪਿਆਰ ਨੂੰ ਦਰਸਾਉਣ ਲਈ
ਸ਼ਾਇਦ ਕੁਦਰਤ ਦਾ ਇਹ ਅੰਦਾਜ਼ ਹੋਵੇਗਾ ।

ਪੈਲੀਆਂ 'ਚ ਚਰਦੇ ਵੱਗ
ਤੇ ਕਿੱਧਰੇ ਖੂਹ ਦੀਆਂ ਟਿੰਡਾਂ ਦਾ ਰਾਗ
ਰਾਹ ਜਾਂਦੀਆਂ ਸੁਆਣੀਆਂ ਦੇ
ਸਿਰ ਤੇ ਭੱਤਾ ਤੇ ਪੈਰਾਂ 'ਚ ਝਾਂਜਰਾਂ ਦੀ ਛਣਕਾਰ
ਇਹ ਕੋਈ
ਸੰਗੀਤ ਦੀ ਸੁਰਮਈ ਸਹਰ ਦਾ ਆਗਾਜ਼ ਹੋਵੇਗਾ ।

ਤੂੰ ਸ਼ਾਇਦ ਮੇਰੇ ਦਿਲ ਦੀ ਸੁਣ ਲਈ ਸੀ ਪਰ ਕਹਿ ਨਾ ਸਕੀ
ਮੈਂ ਤੇ ਗੱਲਾਂ ਗੱਲਾਂ 'ਚ ਸਭ ਕੁਝ ਬਿਆਨ ਕੀਤਾ
ਤੇ ਸ਼ਾਇਦ ਤੂੰ ਜਾਣ ਨਾ ਸਕੀ, ਖੁਦਾ ਦੀ ਮਰਜ਼ੀ ਕੀ ਕਰੀਏ
ਸਾਡੇ ਪਿਆਰ ਦਾ ਸ਼ਾਇਦ ਇਹੋ ਅੰਜ਼ਾਮ ਹੋਵੇਗਾ ।

ਹੁਣ ਫਿਕਰ ਹੈ ਤਾਂ ਬਸ ਇਸ ਦਿਲ ਦਾ
ਜੋ ਹਰ ਘੜੀ ਤੈਨੂੰ ਯਾਦ ਕਰਦਾ ਹੈ
ਉਸ ਗੁਜ਼ਰੇ ਹਰ ਪੱਲ ਨੂੰ
ਜਦ ਮਨ ਕਰੇ ਇਹਨਾਂ ਕਾਗਜ਼ਾਂ ਤੇ ਉਤਾਰਦਾ ਹੈ
ਸ਼ਾਇਦ ਇਹੀ ਇਸ ਬਿਮਾਰ ਦਿਲ ਦਾ ਆਰਾਮ ਹੋਵੇਗਾ ।

ਮੈਂ ਤੈਨੂੰ ਕਿਵੇਂ ਦੱਸਾਂ ਕਿ ਕਿਸ ਤਰਾਂਹ
ਮੈਂ ਤੇਰੀਆਂ ਯਾਦਾਂ ਨੂੰ ਸੰਜੋਅ ਕੇ ਰਖਿੱਆ ਹੈ
ਤੇਰੀਆਂ ਸ਼ਰਾਰਤਾਂ ਤੇਰਾ ਚੁਲਬੁਲਾਪਣ,
ਤੇਰਾ ਖੁੱਲ ਕੇ ਹੱਸਣਾ ਤੇ ਗੱਲ ਕਰਨਾ
ਇਹ ਸਭ ਮੇਰੇ ਹਸ਼ਰ ਤੱਕ
ਤੇਰੀਆਂ ਯਾਦਾਂ ਦਾ ਸਾਮਾਨ ਹੋਵੇਗਾ

ਨਰੇਸ਼ ਕੁਮਾਰ 'ਅਜ਼ੀਜ਼'

ਲਿਖ ਲਿਖ ਚਿੱਠੀਆਂ ਸਜਣ ਨੂੰ ਪਾਓਂਦੀ ਆਂ
ਹੰਝੂਆਂ ਦੇ ਹਰਫ ਪੀੜਾਂ 'ਚ ਪਰਾਓਂਦੀ ਆਂ

ਭੁੱਲ ਭੁਲੇਖੇ ਕਿਤੋਂ ਆ ਵੜ ਵਿਹੜੇ ਵੇ
ਕਦਮਾਂ 'ਚ ਤੇਰੇ ਮੈਂ ਜਿੰਦ ਨੂੰ ਵਿਛਾਓਂਦੀ ਆਂ

ਗ਼ਮਾਂ ਦੀ ਇਹ ਚੰਦਰੀ ਝੁੱਲਦੀ ਹਨੇਰੀ ਵੇ
ਫਿਰ ਵੀ ਮੈਂ ਚਰਖਾ ਜਿੰਦ ਵਾਲਾ ਡਾਓਂਦੀ ਆਂ

ਚੰਦਰਾ ਇਹ ਕਾਗ ਮੁੜ ਬੋਲੇ ਨਾ ਬਨੇਰੇ ਵੇ
ਦਸਾਂ ਕਿਵੇਂ ਦਿਲ ਨੂੰ ਮੈਂ ਪਰਚਾਓਂਦੀ ਆਂ

ਤੇਰੇ ਬਿਨਾਂ ਜ਼ਿੰਦਗੀ ਇੰਝ ਮੈਂ ਜਿਊਂਦੀ ਵੇ
ਥਲਾਂ ਵਿਚ ਪਿਆਸੀ ਬਿਨਾਂ ਪਾਣੀ ਦੇ ਹਢਾਓਂਦੀ ਆਂ

ਤਨੋ ਮਨੋ ਧਨੋ ਤੈਨੂੰ ਆਪਣਾ ਬਣਾਇਆ ਵੇ
ਕਦਮਾਂ ਦੀ ਤੇਰੇ ਮੈਂ ਧੂੜ ਮੱਥੇ ਲਾਓਂਦੀ ਆਂ

ਤੁਹੀਓਂ ਮੇਰਾ ਮੱਕਾ ਤੇ ਤੁਹੀਓਂ ਮਦੀਨਾ ਵੇ
ਵੇਖ ਲਾਂ ਜੇ ਤੇਨੂੰ ਸ਼ੈਅ ਹਰ ਇਕ ਪਾਓਂਦੀ ਆਂ

ਸਾਹਾਂ ਨੂੰ 'ਅਜ਼ੀਜ਼' ਮਨ ਵਸਿਆ ਉਹ ਮੇਰੇ ਵੇ
ਲੱਖਾਂ ਜਨਮਾਂ ਨੂੰ ਉਹਦੇ ਸਿਰ ਤੋਂ ਵਰਾਓਂਦੀ ਆਂ

ਗਰਭਪਾਤ ਮਹਾਂਪਾਪ
ਸਵੈ-ਹਠੱ ਸਰਬਨਾਸ਼

ਸਰਬ-ਧਰਮ ਪਾਵਨ ਧੀ
ਧੀ ਦਾਤਾਂ ਦੀ ਦਾਤਾਰ

ਧੀ-ਧਿਆਣੀ ਪਰ-ਉਪਕਾਰ
ਧੀ-ਹੱਤਿਆ ਅਪਕਾਰ

ਚੌਰਾਸੀ ਲੱਖ ਜੂਨ ਹੰਢਾਣੀ
ਧੀ-ਜਨਮ ਸਰਬ ਕਲਿਆਣ

ਫੁੱਲਾਂ ਵਾਂਗੂ ਮਹਿਕਣ ਧੀਆਂ
ਧੀ ਸਿਰ ਦਾ ਸਰਤਾਜ

ਹਰ ਪੈੜ੍ਹ ਸੰਗ ਪੈੜ੍ਹ ਇਹਨਾਂ ਦੀ
ਪੈਰਾਂ ਹੇਠ ਅਸਮਾਨ

ਕੰਡਿਆਂ ਤੇ ਵੀ ਹੱਸ ਕੇ ਤੁਰਨਾ
ਫਿਰ ਵੀ ਮਹਿਕਣ ਵਾਂਗ ਗੁਲਾਬ

ਧੀਆਂ ਸੰਗ ਜਹਾਨ ਵਸੇਦਾਂ
ਇਨ ਬਿਨ ਫ਼ਾਨੀ ਸਭ ਸੰਸਾਰ

ਕੀ ਹੋਇਆ ਜੇ ਤੁਸੀਂ ਬਦਲ ਗਏ ਨਾਲ ਹਵਾਵਾਂ ਦੇ
ਦਰ ਪੇਸ਼ ਤੇ ਫਿਰ ਵੀ ਹੋਣਗੇ ਸਦਾ ਇਹ ਕਲਾਮ ਦੁਆਵਾਂ ਦੇ

ਜਿਹਨਾਂ ਰਾਹਾਂ ਤੋਂ ਚੱਲ ਕੇ ਹੋਏ ਰਵਾਂ ਤੁਸੀਂ
ਅਸੀਂ ਚੁੰਮੀਏ ਮੱਥੇ ਅਜ ਵੀ ਉਹਨਾ ਰਾਹਵਾਂ ਦੇ

ਕਿਰਦੇ ਕਿਰਦੇ ਕਿਰ ਗਏ ਪੱਤਰ ਚਿਨਾਰਾਂ ਦੇ
ਪਰ ਫੇਰ ਨਾ ਕਦੇ ਪਰਤੇ ਮੁੜ੍ਹ ਪੰਛੀ ਉਹ ਆਸ਼ਾਵਾਂ ਦੇ

ਕਦੇ ਡਰਦੇ ਸੀ ਉਹ ਵੀ ਇਹਨਾ ਲਹਿਰਾਂ ਤੋਂ
ਤੇ ਅਜ ਆਪ ਹੀ ਵਹਿ ਗਏ ਨਾਲ ਉਹ ਇਹਨਾ ਧਾਰਾਵਾਂ ਦੇ

ਸੁੱਖਾਂ ਮੰਗਦੇ ਮੰਗਦੇ ਉਮਰ ਲੰਮੇਰੀ ਦੀਆਂ
ਕਿ ਸੁੱਕ ਗਏ ਫੁੱਲ ਵੀ ਇਹਨਾਂ ਮਜਾਰਾਂ ਦੇ

ਤੇਰੇ ਆਉਣ ਦੀ ਖ਼ਬਰ ਜਦ ਵੀ ਮਹਿਕੀ
ਕਈ ਬਦਲੇ ਰੰਗ ਫ਼ਿਜ਼ਾਵਾਂ ਦੇ

ਆ ਜਾਏਂ ਤਾਂ ਹੋ ਜਾਣਗੇ ਸਜੀਵ ਮੇਰੇ
ਅਹਿਸਾਸ ਇਹ ਸੁੰਨੇ ਖ਼ਡਰਾਵਾਂ ਦੇ

ਮੇਰਾ ਮਕੱਾ ਮਦੀਨ ਤੂੰ ਏ
ਧਰਮ ਈਮਾਨ ਮੇਰਾ ਜ਼ਮੀਰ ਤੂੰ ਏ

ਮੇਰੇ ਮੌਲਾ ਬਖ਼ਸ਼ ਇਹ ਪਾਕ-ਨਿਗ਼ਾਹ ਮੈਨੂੰ
ਕਿ ਮੇਰੇ ਸੁਪਨਿਆਂ ਦੀ ਤਾਬੀਰ ਤੂੰ ਏ

ਅਲਫ਼ ਬੇ ਤੇ ਪੇ
ਮੇਰੇ ਹਰ ਕਾਸੇ ਦੀ ਤਾਲ਼ੀਮ ਤੂੰ ਏ

ਮੇਰੇ ਅਲੱਾ ਮੈਂ ਤੇ ਤੁਛੱ ਵੀ ਨਹੀਂ
ਹਰ ਸ਼ੈਅ 'ਚ ਮੌਜੂਦ ਅਜ਼ੀਮ ਤੂੰ ਏ

ਮੇਰੇ ਅੰਦਰ ਲਹਿਰਦੀਆਂ ਲਹਿਰਾਂ
ਸ਼ੋਰ ਸ਼ਰਾਬਾ ਮੌਸੀਕ ਤੂੰ ਏ

ਲਖੱ ਸ਼ੁਹਰਤਾਂ ਕਰੌੜਾਂ ਸਲਾਮ ਮੈਨੂੰ
ਪਰ ਅਸਲੋਂ ਮੇਰਾ ਰਫ਼ੀਕ ਤੂੰ ਏ

ਇਸ਼ਕ-ਮੁਸ਼ਕ ਇਸ਼ਕ-ਹਕੀਕੀ
ਮੇਰੇ ਪਿਆਰ ਦੀ ਸਿਖ਼ਰ ਹਬੀਬ ਤੂੰ ਏ

ਨੈਣ ਜਿਹਨਾਂ ਦੇ ਸੰਗ ਹੰਝੂਆਂ ਭਿੱਜੇ
ਉਹ ਮਨ ਦੇ ਗਿੱਲੇ

ਸਾਂਝ ਸੀ ਤੇਰੀ ਦਿਲ ਨਾਲ ਮੇਰੇ
ਫਿਰ ਤੁਸੀਂ ਕਿਉਂ ਗਏ ਛਿੱਥੇ

ਕੱਚ ਖੜਕਾਉਂਦੇ ਨੋਟਾਂ ਤੇ ਸੌਂਦੇ
ਤੂੰ ਭਜੱਦੀ ਜਿਹਨਾਂ ਦੇ ਪਿੱਛੇ

ਦਿਲ ਨਹੀਂ ਜਿਹਨਾਂ ਦੇ ਦਿਲ ਵਿਚ
ਉਹ ਦਿਲ ਨਹੀਂ ਜਾਦੇਂ ਵਿੰਨੇ

ਸੁਣ ਕੇ ਸ਼ਹਿਰ ਤੇਰੇ ਦੀ ਚਰਚਾ
ਪੱਥਰ ਵੀ ਹੋਏ ਸਿੱਲੇ

ਖਿੜ੍ਹ ਜਾਦਾਂ ਇਹ ਦਿਲ ਕੁਮਲਾਇਆ
ਜਦ ਕਿੱਧਰੇ ਤੂੰ ਮਿਲੇਂ

ਯਾਦਾਂ ਤੇਰੀਆਂ ਹੋਈਆਂ ਨਾਬਰ
ਮੈਂ ਬੰਨਾਂ ਕਿਹੜੇ ਕਿੱਲੇ

ਪੈਰ ਵੀ ਉਥੇ ਹੀ ਧਰਦੀ ਏਂ
ਪਟ ਵਿਛਿਆ ਧਰਤੀ ਤੇ ਜਿੱਥੇ

ਇਹ ਸਾਵੀਆਂ ਘਾਹ ਦੀਆਂ ਤਿੜ੍ਹਾਂ
ਇਕ ਦੂਸਰੀ ਦੇ ਵਿਚ ਉਲਝੀਆਂ
ਚਾਲ ਆਪਣੀ ਚਲੱਦੀ ਜਾਵਦੀਆਂ

ਇਕ ਨੂੰ ਹੱਥ ਲਾਵਾਂ ਤਾਂ
ਕਈ ਉਸਦੇ ਨਾਲ ਦੀਆਂ
ਸਿਰ ਚੁੱਕ ਚੁੱਕ ਕੇ ਮੈਨੂੰ ਤਾੜਦੀਆਂ

ਜਦ ਇਕ ਤਿੜ੍ਹ ਮੈਂ ਹਥੀਂ ਆਪਣੇ
ਧੁਰੋਂ ਉਖ਼ਾੜ ਕੇ ਵੇਖੀ ਤਾਂ
ਇਕ ਇਕ ਕਰਕੇ ਹੋਰ ਵੀ ਆਵਣ
ਕਈ ਤਿੜ੍ਹਾਂ ਉਸਦੇ ਨਾਲ ਦੀਆਂ

ਹਵਾ ਜਦ ਇਹਨਾਂ ਨੂੰ ਖਹਿ ਕੇ ਲੰਘੇ
ਅਸ਼ ਅਸ਼ ਕਰਦਾ ਹਾਸਾ ਇਵੇਂ
ਜਿਵੇਂ ਟੁਣਕਣ ਤਾਰਾਂ ਰਬਾਬ ਦੀਆਂ

ਪਿਆਰ ਇਹਨਾਂ ਦੇ ਅਾਂਦਰੀ ਵਸਦਾ
ਜਨਮ ਜ਼ਾਤ ਤੋਂ ਇਸ਼ਕ ਹੰਢਾਦੀਆਂ
ਓਏ ! ਕੁਝ ਸਿੱਖੋ ਇਹਨਾਂ ਤੋਂ
ਜੋ ਧਰਮ ਜ਼ਾਤ ਨਾ ਮਜ਼ਹਬ ਜਾਣਦੀਆਂ

ਉਸ ਦਿਨ ਉਸ ਸੜਕ ਤੇ ਖਲੋਇਆਂ
ਮੈਂ ਇਸ ਪਾਰ ਤੇ ਤੂ ਉਸ ਪਾਰ ਸੀ

ਤੂ ਵਾਰ ਵਾਰ ਮੁੜ੍ਹ ਕੇ ਵੇਖ ਰਹੀ ਸੀ
ਸ਼ਾਇਦ ਤੂ ਮੇਰੇ ਇਸ ਤਰਾਂਹ ਜਾਣ ਤੇ ਉਦਾਸ ਸੀ

ਪਰ ਮੈਂ ਵੀ ਉਸ ਵਕਤ ਕਰਦਾ ਤੇ ਕੀ ਕਰਦਾ
ਹਰ ਸੰਜੀਦਾ ਖਿਆਲ ਬੀਮਾਰ ਸੀ

ਤੇਰੇ ਚਿਹਰੇ ਤੇ ਉਸ ਵਕਤ ਨਮੋਸ਼ੀ ਸੀ
ਕੁਝ ਅਣਕਹੇ ਸ਼ਬਦ ਸਾਡੇ ਦਰਮਿਆਨ ਸੀ

ਪਾਣੀ ਨਾਲ ਤਰ ਹੋਈਆਂ ਅੱਖਾਂ ਅੰਦਰ
ਖੋਰੇ ਕਿੰਨੇ ਹੀ ਜਜ਼ਬ ਕੀਤੇ ਖਿਆਲ ਸੀ

ਆਪਾਂ ਇਕ ਦੂਸਰੇ ਤੋਂ ਅਣਜਾਣ ਹੋਏ ਤੁਰ ਤਾਂ ਪਏ
ਪਰ ਸਾਡੀ ਚੁੱਪ ਅੰਦਰ ਵੀ ਇਕ ਅਹਿਸਾਸ ਸੀ

ਮੈਂ ਤਾਂ ਤੇਰੇ ਚੋਂ ਆਪਣਾ ਅਕਸ ਵੇਖਿਆ ਸੀ
ਜਿਸ ਅੰਦਰ ਪਿਆਰ ਦਾ ਹਰ ਅੰਸ਼ ਸ਼ੁਮਾਰ ਸੀ

ਅਸਹਿਜ ਹੋਇਆ ਬੁਝੇ ਮਨ ਨਾਲ ਮੈਂ ਚੱਲ ਤੇ ਪਿਆ ਸੀ
ਪਰ ਹਰ ਕਦਮ ਮੇਰਾ ਤੇਰੇ ਸਫਰ ਦਾ ਮੁਹਤਾਜ਼ ਸੀ

ਇਹ ਅੱਖ਼ਰ ਮੇਰੀ ਪਹਿਚਾਣ ਬਣ ਗਏ ਨੇ
ਸਾਹਾਂ ਦੀ ਜਿੰਦ ਜਾਨ ਬਣ ਗਏ ਨੇ

ਬੇਖ਼ੌਫ ਜੋ ਲਟਕ ਗਏ ਸਲੀਬਾਂ ਤੇ
ਹਰ ਜਾਨ ਦੀ ਅਜ ਉਹ ਜਾਨ ਬਣ ਗਏ ਨੇ

ਜਿਧਰ ਵੀ ਵੇਖਾਂ ਹਰ ਪਾਸੇ ਜਿਊਦੀਆਂ ਲਾਸ਼ਾਂ ਨੇ
ਧਰਤੀ ਦੇ ਇਸ ਜ਼ੱਰੇ ਜ਼ੱਰੇ ਤੇ ਸ਼ਮਸ਼ਾਨ ਬਣ ਗਏ ਨੇ

ਸੀ ਕਦੇ ਇਕ ਇਖ਼ਲਾਕ ਤੇ ਇਕੋ ਧਰਮ ਸਾਡਾ
ਹੁਣ ਤਾਂ ਇਕੋ ਸ਼ਖ਼ਸ ਦੇ ਕਈ ਈਮਾਨ ਬਣ ਗਏ ਨੇ

ਜਿਨਾਂ ਦੇ ਲਈ ਖ਼ੂਨ ਦਾ ਇਕ ਇਕ ਕਤਰਾ ਵਹਾ ਦਿੱਤਾ
ਅਜ ਉਹੀਓ ਮੇਰੀ ਮੌਤ ਦਾ ਫ਼ਰਮਾਨ ਬਣ ਗਏ ਨੇ

ਕੋਈ ਸਮਾਂ ਸੀ ਸੀ ਜਦੋਂ ਇਕ ਹੀ ਸੰਸਾਰ ਸਾਡਾ
ਵਿਖਰਦਿਆਂ ਵਿਖਰਦਿਆਂ ਵੇਖੋ ਅਜ ਕਿੰਨੇ ਜਹਾਨ ਬਣ ਗਏ ਨੇ

ਕੰਜਕਾਂ ਵਰਤ ਤੇ ਤਿਓਹਾਰ ਸੀ ਸਾਂਝਾ ਵਿਰਸਾ ਸਾਡਾ
ਹੁਣ ਤਾਂ ਦੀਵਾਲੀ ਦੁਸਹਿਰਾ ਈਦ 'ਤੇ ਰਮਜ਼ਾਨ ਬਣ ਗਏ ਨੇ

ਵਿਲਕ ਰਿਹਾ ਸੀ ਮਾਸੂਮ
ਇਕ ਕਤਰੇ ਦੁੱਧ ਲਈ
ਇਕ ਅਸਹਿ ਜਿਹੀ ਬਗ਼ਾਵਤ ਸੀ
ਨਜ਼ਰਾਂ 'ਚ ਉਸਦੇ
ਜੋ ਚੀਰ ਰਹੀ ਸੀ
ਅਕਸ ਮਮਤਾ ਦਾ
ਹਰ ਕੋਸ਼ਿਸ਼ ਅਸਮਰੱਥ
ਤੇ
ਬੇਅਸਰ ਸੀ ਨਿੱਘ ਵੀ
ਮਾਂ ਦੀ ਗੋਦ ਦਾ
ਬੁਢੱਾ ਬਿਰਖ਼ ਵੀ ਅਜ ਚੁੱਪ ਸੀ
ਤੇ ਚੁੱਪ ਸੀ ਉਹਦਾ ਪਰਛਾਵਾਂ ਵੀ
ਹੁਣ ਉਹ ਖਣਕ ਵੀ ਤਾਂ ਨਹੀਂ ਸੀ
ਪਤਿੱਆਂ 'ਚ ਉਸਦੇ
ਇਕ ਕੋਨੇ 'ਚ ਬੈਠਾ
ਝਾਕ ਰਿਹਾ ਸੀ ਆਪਣੇ ਅਤੀਤ ਨੂੰ
ਕੋਈ ਫ਼ਰਕ ਨਹੀਂ ਸੀ
ਉਸਦੇ
ਅਜ ਦੇ 'ਤੇ
ਪਿਛਲੇ ਅਤੀਤ 'ਚ
ਫ਼ਰਕ ਸੀ ਤੇ ਸਿਰਫ਼ ਏਨਾ ਕਿ
ਪਹਿਲਾਂ ਉਹ ਮਜਬੂਰ ਸੀ
ਹਾਕਮਾਂ ਦੇ ਜਲਜਲੇ ਤੋਂ
'ਤੇ ਅਜ ਮਹਿਰੂਮ ਹੈ ਹਰ ਸਾਜ਼ ਤੋਂ
ਪਰਤ ਕੇ ਵੇਖਿਆ
ਇਕ ਟੁੱਕ
ਉਸ ਬੇਵਸ ਮਾਂ ਦੀ ਮਮਤਾ ਨੂੰ
ਸ਼ਾਇਦ ਨਜ਼ਰਾਂ ਕਹਿ ਕਹਿ ਰਹੀਆਂ ਸਨ
ਕਿ
ਮਮਤਾ ਵੀ ਸੱਖਣੀ ਹੈ ਭੁੱਖ ਅੱਗੇ

ਗਰਭ ਵਿਚ ਹੀ ਧੀਆਂ ਨੂੰ ਮਾਰ ਦੇਣਾ
ਕਿਹੜੇ ਧਰਮ ਦੀ ਗੱਲ ਕਰਦੇ ਹੋ ?
ਕਿਹੜੇ ਸ਼ਾਸਤਰਾਂ 'ਚ ਅੰਕਿਤ ਹੈ ?

ਆਪਣੀ ਅਣਖ ਵਾਸਤੇ ਹੀ
ਧੀਆਂ ਨੂੰ
ਜੰਮਣ ਤੋਂ ਪਹਿਲਾਂ ਹੀ ਮਾਰ ਦੇਣਾ
ਧਰਮ ਆਪਣੇ ਦਾ ਪ੍ਰਚਾਰ
'ਤੇ
ਬੁੱਧੀਜੀਵੀ ਬਣ ਕੇ ਦਿਖਾਓਣਾ
ਫਕੌਂਸਲੇਬਾਜ਼ੀ ਤੇ ਖ਼ੋਖਲਾਪਣ ਹੈ ਇਹ ਸਭ

ਧਰਮ ਦੇ ਨਾਂ ਤੇ ਹਰ ਰੋਜ਼ ਠੱਗੀਆਂ ਮਾਰਨਾ
ਮਜ਼ਲੂਮ ਬੇਵਸ ਸਾਹਾਂ ਦੀ
ਸੰਪਤੀ ਜੇਬ ਆਪਣੀ 'ਚ ਧਰਨਾ
ਧੀਆਂ ਭੈਣਾਂ ਦੀ ਇਜ਼ਤ
ਸ਼ਰੇਆਮ ਉਛਾਲਣੀ
ਕਿਹੜੇ ਧਰਮ ਦੇ ਪਾਬੰਦ ਹੋ ਤੁਸੀਂ
ਕਿਹੜੀ ਸ਼ਰ੍ਹਾ ਨੂੰ ਮੰਨਦੇ ਹੋ
ਕਿਹੜੇ ਇਖ਼ਲਾਕ ਦੀ ਗੱਲ ਕਰਦੇ ਹੋ

ਚਾਰ ਦੀਵਾਰੀ 'ਚ ਵੀ ਰੰਹਿਦਿਆਂ
ਅਸੁਰੱਖ਼ਿਅਤ ਹੈ ਨਾਰੀ
ਕੰਨਿਆਂ ਦਾਨ ਕਰਨ ਵਾਲੇ ਹੱਥ ਹੀ
ਆਕਰਮਕ ਹਨ ਅਜ ਉਸ ਵੱਲ ਨੂੰ
ਕਿਹੜੇ ਇਤਿਹਾਸ ਦੀ ਰਚਨਾ ਰਚ ਰਹੇ ਹੋ
ਕਿਹੜੇ ਨਵੇਂ ਧਰਮਾਂ ਦੀ ਗੱਲ ਕਰ ਰਹੇ ਹੋ

ਜਾਨਵਰਾਂ ਤੋਂ ਵੀ ਬੱਦਤਰ ਹੈ
ਅਜ ਸੋਚ ਸਾਡੀ

ਚੋਰੀ ਡਕੈਤੀ ਲੁੱਟਮਾਟ ਤੇ ਬਲਾਤਕਾਰ
ਅਕਲ ਸਾਡੀ ਤੇ ਮਾਰੀ ਬੈਠਾ ਹੈ
ਨਾਗ਼ ਕਲਯੁੱਗ ਦਾ ਕੁੰਡਲੀ

ਮੰਦਰਾਂ ਗੁਰਦਵਾਰਿਆਂ 'ਚ ਜਾ ਕੇ
ਟੱਲ ਖੜਕਾਓਣਾ ਹੀ ਵਾਜ਼ਬ ਨਹੀਂ
ਆਪਣੇ ਅੰਦਰਲੇ ਹੈਵਾਨ ਨੂੰ
ਕੁਕਰਮਾਂ ਨੂੰ
ਮਾਰਨਾ ਤੇ ਜੜ੍ਹੋਂ ਉਖਾੜ੍ਹਨਾ ਹੀ ਹੈ
ਧਰਮ ਈਮਾਨ ਤੇ ਇਖ਼ਲਾਕ ਸਾਡਾ

ਮਹਿਫ਼ਲ ਚੋਂ ਉੱਠ ਕੇ ਯਾਰ ਚਲਿੱਆ ਹੈ
ਸ਼ਾਹਾਂ ਦਾ ਸ਼ਾਹਨਵਾਜ਼ ਚਲਿੱਆ ਹੈ

ਫੁੱਲਾਂ ਚੋਂ ਫੁੱਲ ਗੁਲਾਬ ਸੀ ਉਹ
ਝੋਲੀ ਸਾਡੀ ਉਹ ਪਾਕੇ ਬਹਾਰ ਚਲਿੱਆ ਹੈ

ਉਹਦੇ ਬਿਨਾਂ ਨਾ ਦਿਲ ਨੂੰ ਚੈਨ ਕਦੇ ਵੀ
ਕਰ ਕੇ ਉਹ ਅਜ ਬੇਕਰਾਰ ਚਲਿੱਆ ਹੈ

ਜਾਮ ਨਾਲ ਜਾਮ ਸੀ ਟਕਰਾਓਂਦੇ ਉਸ ਨਾਲ
ਮਹਿਕਸ਼ਾਂ ਵੀ ਅਜ ਉਹਦੇ ਨਾਲ ਚਲਿੱਆ ਹੈ

ਰਾਬਤਾ ਸੀ ਉਸ ਨਾਲ ਕੁਝ ਇਸ ਤਰਾਹਾਂ
ਕਿ ਗੱਲਾਂਬਾਤਾਂ ਦਾ ਦੌਰ ਦਿਨ ਰਾਤ ਚਲਿੱਆ ਹੈ

ਤਾ-ਉਮਰ ਨਾਸੂਰ ਰਹਿਣਗੇ ਇਹ ਜ਼ਖ਼ਮ
ਉਹਦੇ ਵਿਛੋੜੇ ਦਾ ਤੀਰ ਆਰਪਾਰ ਚਲਿੱਆ ਹੈ

ਚਿਹਰਿਆਂ ਦੀ ਰੌਣਕ ਸੀ ਬਸ ਉਹਦੇ ਹੀ ਨਾਲ
ਖ਼ਫ਼ਾ ਹੋ ਕੇ ਹੁਣ ਸਾਥੋਂ ਸ਼ਬਾਬ ਚਲਿੱਆ ਹੈ

ਹਰ ਰੋਜ਼ ਉਹ ਮੇਰੀ ਕਬਰ ਤੇ ਆਕੇ
ਇਕ ਹੋਰ ਉਮਰ ਦਾ ਇਜ਼ਾਫ਼ਾ ਕਰਦੀ ਹੈ
ਖੌਰੇ ਉਹ ਮੇਰੇ ਕਿਹੜੇ ਜਨਮਾਂ ਦਾ
ਮੇਰੀ ਅਰਾਮ ਤਲਬੀ ਤੋਂ ਹਿਸਾਬ ਮੰਗਦੀ ਹੈ

ਕਿਸੇ ਵਕਤ ਗੱਲ ਕੁਝ ਵੀ ਨਹੀ ਹੁੰਦੀ
ਪਥੱਰ ਫਿਰ ਵੀ ਦਿਲ ਤੇ ਜਰਨਾ ਪੈਂਦਾ ਹੈ

ਪਤਿੱਆਂ ਦੀ ਖ਼ਵਾਇਸ਼ ਤਾਂ ਨਹੀ ਹੁੰਦੀ
ਪਰ ਫਿਰ ਵੀ ਟਹਿਣੀਓਂ ਝੜਨਾ ਪੈਂਦਾ ਹੈ

ਪਰਛਾਂਵੇ ਵੀ ਇਕ ਦਿਨ ਸਾਥ ਛੱਡ ਜਾਂਦੇ
ਸਫ਼ਰ ਫਿਰ ਵੀ ਮੁਕੰਮਲ ਕਰਨਾ ਪੈਂਦਾ ਹੈ

ਗੱਲ ਇਹ ਨਹੀਂ ਕਿ ਮੈਂ ਝੁੱਕ ਗਿਆ
ਝੁੱਕ ਕੇ ਸਲਾਮ ਤਾਂ ਕਰਨਾ ਪੈਂਦਾ ਹੈ

ਛਾਪਾਂ ਮੁੰਦੀਆਂ ਛੱਲੇ ਜਦੋਂ ਸਾਥ ਨਾ ਦੇਣ
ਤਾਂ ਸੀਸ ਉਤਾਰ ਕੇ ਧਰਨਾ ਪੈਂਦਾ ਹੈ

ਹੱਕ ਹਲਾਲ ਦੀ ਇਥੇ ਖਾਣ ਖ਼ਾਤਿਰ
ਸਿਰ ਧੜ ਦੀ ਬਾਜ਼ੀ ਲਾ ਕੇ ਲੜਨਾ ਪੈਂਦਾ ਹੈ

ਸਾਹਾਂ ਦਾ ਲੈਣ ਦੇਣ ਹੈ ਕੁਝ ਇਸ ਤਰਹਾਂ
ਕਿ ਮੌਤ ਨੂੰ ਵੀ ਕੁਝ ਅਦਾ ਕਰਨਾ ਪੈਂਦਾ ਹੈ

ਇਕ ਕਵਿਤਾ ਤੇਰੇ ਤੇ ਲਿਖ ਰਿਹਾ
ਅਲਫ਼ਾਜ਼ ਚਿਹਰੇ ਦੇ ਪੜ੍ਹਨੇ ਸਿੱਖ ਰਿਹਾ

ਜੋ ਕੁਝ ਵੀ ਤੇਰੇ ਅੰਦਰ ਵਾਪਰਦਾ
ਉਹ ਬਾਹਰ ਸਭ ਕੁਝ ਦਿੱਖ ਰਿਹਾ

ਮੁਖ਼ਾਤਿਬ ਹੋਣ ਤੋਂ ਪਹਿਲੇ ਸ਼ੀਸ਼ੇ ਮੂਹਰੇ ਖੜਿਆ ਕਰ
ਕਿ ਅਜਕੱਲ ਮੈਂ ਗ਼ਜ਼ਲ ਲਿੱਖ ਰਿਹਾ

ਪਿਆਰ ਦੀ ਭਾਸ਼ਾ ਮੂਕ ਹੈ
ਸਮਝ ਉਸਨੂੰ ਜੋ ਕੁਝ ਵੀ ਦਿੱਖ ਰਿਹਾ

ਤੇਰਾ ਹੁਸਨ ਹੈ ਗ਼ਜ਼ਲ ਖ਼ੁਦ-ਵਾ-ਖ਼ੁਦ
ਮੈਂ ਇਸ ਤੋਂ ਵੀ ਕੁਝ ਸਿੱਖ ਰਿਹਾ

ਜਰਾ ਜਰਕ ਕੇ ਰਿਹਾ ਕਰ ਮੇਰੇ ਤੋਂ
ਹੁਣ ਅਲੋਚਨਾ ਵੀ ਮੈਂ ਲਿੱਖ ਰਿਹਾ

ਪਤਾ ਲਗਿੱਆ ਜਦੋਂ ਦਾ ਤੇਰੀ ਬੇਵਫ਼ਾਈ ਦਾ
ਹਰ ਵਿਧਾ ਹੀ ਸਾਹਿਤ ਦੀ ਲਿੱਖ ਰਿਹਾ

ਕੀ ਸਿਫ਼ਤ ਕਰਾਂ ਮੈਂ ਉਲਫ਼ਤ ਤੇਰੀਆਂ ਗ਼ਜ਼ਲਾਂ ਦੀ
ਉਤਰ ਆਈ ਹੁਸੀਨ ਪਰੀ ਜਿਵੇਂ ਅਜ਼ਲਾਂ ਦੀ

ਵੰਨ ਸੁਵੰਨੇ ਗਹਿਣਿਆਂ ਲੱਦੀ
ਜਾਂ ਫਿਰ ਦਰਦ-ਏ-ਦਾਸਤਾਂ ਕਿਸੇ ਅਬਲਾ ਦੀ

ਪੀਜ਼ਾ ਬਰਗ਼ਰ ਨੂਡਲ ਤਾਂ ਦੂਰ
ਆਵੇ ਮਹਿਕ ਸਰੋਂ ਦੇ ਸਾਗ ਦੀਆਂ ਗੰਧਲਾਂ ਦੀ

ਸਰਮਾਏਦਾਰੀ ਦੀਆਂ ਜੜ੍ਹਾਂ ਵਢੱਦੀ
ਦੋ ਧਾਰੀ ਤਲਵਾਰ ਗ਼ਜ਼ਲਾਂ ਦੀ

ਤੇਰਾ ਹੁਸਨ ਲਰਜ਼ਦਾ ਗੀਤ ਸੀ
ਜਾਂ ਕੋਈ ਸ਼ੂਕਦਾ ਤੀਰ ਸੀ

ਇਹ ਹੁਸਨ ਵੀ ਐਸਾ ਜਲਵਾ ਹੈ
ਕਿ ਰਾਂਝਾ ਵੀ ਹੀਰ ਦਾ ਮੁਰੀਦ ਸੀ

ਇਕੋ ਵਾਰ 'ਚ ਸੀਨੇ ਅਚੂਕ ਹੋਇਆ
ਤੇਰੀਆਂ ਨਜ਼ਰਾਂ ਦਾ ਭੱਖਦਾ ਤੂਨੀਰ ਸੀ

ਜੋ ਕੁਝ ਵੀ ਨਾ ਮੰਗ ਕੇ ਸਭ ਕੁਝ ਦੇ ਗਿਆ
ਉਹ ਕਿਹੜੀ ਦਰਗ਼ਾਹ ਦਾ ਪੀਰ ਸੀ

ਲਿਖ ਲਿਖ ਕੇ ਕਿੰਨੇ ਹੀ ਸਫ਼ੇ ਕਾਲੇ ਕੀਤੇ
ਪਰ ਇਕੋ ਲਫ਼ਜ਼ ਹੀ ਤੇਰਾ ਦੀਦ ਸੀ

ਆਈਆਂ ਸੀ ਯਾਦਾਂ ਤੇਰੀਆਂ
ਲੈ ਹੰਝੂਆਂ ਦੇ ਸਿਰਨਾਵੇਂ
ਅਸਾਂ ਘੁੱਟ ਕੇ ਸੀਨੇ ਲਾ ਲਈਆਂ
ਜਿਉਂ ਮਾਵਾਂ ਲੈਣ ਕਲਾਵੇ

ਅਜ ਪੰਛੀ ਹੋ ਗਏ ਖੇਰੂ ਖੇਰੂ
ਕੋਈ ਮੋੜ ਇਹਨਾਂ ਨੂੰ ਲਿਆਵੇ
ਮੇਰੇ ਦਿਲ ਦੀ ਕਿਸੇ ਟਹਿਣੀ ਤੇ
ਮੁੜ ਆ ਉਹ ਆਲ੍ਹਣਾ ਪਾਵੇ

ਲੱਗੇ ਅਜ ਕਿਉਂ ਮੈਨੂੰ ਇੰਝ ਜਿਵੇਂ
ਲੜੀ ਸਾਹਾਂ ਦੀ ਟੁੱਟਦੀ ਜਾਵੇ
ਤੇ ਪੱਲ ਪੱਲ ਮੇਰੀ ਮੌਤ ਮੈਨੂੰ
ਵਿਚ ਜਾਲ ਦੇ ਬੁਣਦੀ ਜਾਵੇ

ਅਜ ਕਬਰੀਂ ਪਿਆਂ ਇੰਝ ਲਗੱਦਾ
ਮਾਂ ਲੋਰੀ ਦੇ ਸੁਲਾਵੇ
ਆਪਣੇ ਉਹ ਕੂਲੇ ਹੱਥਾਂ ਤੋਂ
ਮੇਰਾ ਜਿਸਮ ਪਿਆ ਸਲਾਵ੍ਹੇ

ਭੁੱਲ ਜਾਂਈ ਤੂੰ ਬੇਸ਼ੱਕ ਮੈਨੂੰ
ਕੋਈ ਸੁਪਨਾ ਸਮਝ ਕੇ
ਪਰ ਮੈਂ ਸਦਾ ਰਵਾਂ ਹੁੰਦਾ ਰਹਾਂਗਾ
ਸਾਹਾਂ 'ਚ ਤੇਰੇ
ਕਦੇ ਗੀਤ ਕਦੇ ਗ਼ਜ਼ਲ ਤੇ ਕਦੇ ਨਜ਼ਮ ਬਣਕੇ
ਮੈਂ ਵਫ਼ਾ ਦੇ ਪਥੱਰ ਤੇ ਉਕੱਰਿਆ
ਉਹ ਲਫ਼ਜ਼ ਹਾਂ ਕਿ ਜਿਸਨੂੰ
ਤੂੰ ਕਦੇ ਸਜਾਇਆ ਸੀ
ਆਪਣੇ ਦਿਲ ਦੇ ਕਿਸੇ ਵਰਕ ਤੇ
ਅਜ ਉਹ ਹਰਫ਼
ਇਕ ਸੰਪੂਰਨ ਗੀਤ ਬਣ ਚੁਕਿੱਆ ਹੈ
ਦਰਦਾਂ ਦਾ ਅਥਾਹ ਸਮੁੰਦਰ ਪਾਰ ਕਰਦਾ
ਤੇ
ਗ਼ਮਾਂ ਦੇ ਥੱਲ ਚੋਂ ਭਟਕਦਾ
ਅਜ ਉਹ
'ਅਜ਼ੀਜ਼' ਦੀ ਕਲਮ ਦਾ
ਮੁਹਤਾਜ਼ ਬਣ ਚੁਕਿੱਆ ਹੈ ॥

ਚੋਰ ਕਰਨ ਮੁਨਾਦੀ ਪਹਿਰੇਦਾਰ ਡਰਾਮਾ
ਕੁਰਸੀਆਂ ਤੇ ਕਾਬਜ਼ ਚਾਚਾ ਤਾਇਆ ਮਾਮਾ

ਉਲੂੱ ਹੋ ਗਏ ਬਾਜ਼ ਬਥੇਰੇ
ਕੌਣ ਪੁਛੱਦਾ ਘੁਗੀਂਆਂ ਚਿੜੀਆਂ ਕਾਵਾਂ

ਇਹਨਾ ਲਈ ਤੇ ਇਕ ਬਰਾਬਰ
ਪੁਤੱ ਮਰੇ ਜਾਂ ਦਾਦਾ

ਇਨਸਾਨੀਅਤ ਦੀ ਕੋਈ ਗੱਲ ਨਾ ਦਿਖੱਦੀ
ਧੀਆਂ ਰੁਲਣ ਜਾਂ ਮਾਵਾਂ

ਇਨਸਾਫ਼ ਦੀ ਦੇਵੀ ਦਾ ਤਰਾਜ਼ੂ ਟੁਟਿੱਆ
ਜੁਪ ਲਿਆ ਹੁਕਮਰਾਨਾਂ

ਆਪੋ ਆਪਣੇ ਭਾਅ ਹੁਣ ਵਿੱਕਦਾ
ਵੱਢੀਆਂ ਖਾਂਦੇ ਕਰਦੇ ਘਾਲਾ ਮਾਲਾ

ਔਹ ਵੇਖੋ ਆਓਂਦੀ ਗਰਦ ਚੜੀ
ਹਰ ਦਿਨ ਗੁਜ਼ਰੇ ਬਸ ਏਦਾਂ, ਤੱਕਦਿਆਂ ਰਾਵ੍ਹਾਂ

ਸ਼ਾਮ ਹੁੰਦਿਆਂ ਹੀ ਘਰਾਂ ਨੂੰ ਪਰਤ ਆਓ
ਜੋ ਕੁਝ ਵੀ ਵੇਖਿਆ ਮੂੰਹ ਸੀ ਕੇ ਸਰਕ ਜਾਓ

ਚੀਲਾਂ ਅਸਮਾਨ ਤੋਂ ਵੇਖ ਰਹੀਆਂ
ਕੁਝ ਵੀ ਮਿਲੇ ਤਾਂ ਲਪਕ ਜਾਓ

ਹਾਕਮਾਂ ਨੇ ਨਵਾਂ ਮਤਾ ਪਕਾਇਆ
ਮੂਹੋਂ ਇਕ ਵੀ ਬੋਲ ਨਾ ਕਢੱਣਾ
ਸੂਲੀ ਤੇ ਭਾਵੇਂ ਲਟਕ ਜਾਓ

ਭੁੱਖੇ ਫਿਰਦੇ ਬਾਘ ਬਿੱਲੀਆਂ ਤੇ ਬਲੂੰਗੜੇ
ਦਿਖੇ ਸ਼ੇਰ ਤਾਂ ਜਰਕ ਜਾਓ

ਭੇਦ ਆਪਣਾ ਨਾ ਜ਼ਾਹਰ ਕਰੋ ਕਿਸੇ ਤੇ ਵੀ
ਅੰਦਰੋ ਅੰਦਰੀ ਸਭ ਕੁਝ ਸਟਕ ਜਾਓ

ਜੋ ਕੋਈ ਵੀ ਬਰ-ਖ਼ਿਲਾਫ ਜਾਏ
ਤੰਦੂਰ 'ਚ ਝੋਂਕੋ ਇਨਾਮ ਉੱਚ ਸਤਰ ਪਾਓ

ਮਾਂ ਆਪਣੀ ਨੂੰ ਸ਼ਰੇ-ਬਜ਼ਾਰ ਨੀਲਾਮ ਕਰਦੇ ਹੋ
ਕੁੱਖ ਉਹਦੀ ਦਾ ਵਾਸਤਾ ਕੁਝ ਸ਼ਰਮ ਧਾਓ

ਧੀਆਂ ਭੈਣਾਂ ਦੀ ਇਜ਼ਤ ਨੂੰ ਤੁੱਛ ਸਮਝਣ ਵਾਲੋ
ਕਿਸੇ ਕੌਮ ਦੇ ਲੇਖ਼ੇ ਨਹੀ ਤੁਸੀਂ ਗਰਕ ਜਾਓ

ਉਹਦੇ ਮੁੱਖ ਦਾ ਸੂਰਜ ਜਦ ਵੀ ਚੜ੍ਹਦਾ
ਉਮਰ ਹਯਾਤੀ ਹੋਰ ਇਕ ਮੰਗਦਾ

ਸੂਹੀ ਕਨੇਰ ਦੇ ਫੁਲਾਂ ਵਾਂਗੂ
ਅੰਗ ਅੰਗ ਉਹਦਾ ਜਾਵੇ ਖਿੜ੍ਹਦਾ

ਉਹ ਸੁਪਨਾ ਜੋ ਤੇਰਾ ਸੀ ਆਪਣਾ
ਨੰਗੇ ਪੈਰੀਂ ਥਲਾਂ 'ਚ ਸੜਦਾ

ਚਿਰਾਗ ਨਹੀ ਮੈਂ ਤੇਰੇ ਘਰ ਦਾ
ਮੈਂ ਸ਼ੁਆ ਦਰਗ਼ਾਹ ਤੇ ਬਲਦਾ

ਅੰਬਰਾਂ ਤੋਂ ਉਨੇਂ ਤਾਰੇ ਟੁੱਟਦੇ
ਜਿੰਨੇ ਵੀ ਉਹ ਗ਼ੁਨਾਹ ਕਰਦਾ

ਹਾਵਾਂ ਦਾ ਇਕ ਪਿੜ ਬਝੱ ਜਾਂਦਾ
ਖੂਨ ਉਹ ਜਦ ਸਾਹਾਂ ਦਾ ਕਰਦਾ

ਲੰਮਾ ਪੈਂਡਾ ਦੂਰ ਤੱਕ ਜਾਣਾ
ਕਿਉਂ ਦਿਲ ਆਪਣਾ ਛੋਟਾ ਕਰਦਾ

ਧਰਮ ਕਮਾਓਣਾ ਮੈਂ ਦਸੱਦਾ ਹਾਂ
ਨੋਟ ਕਮਾਓਣੇ ਮੈਂ ਦਸੱਦਾ ਹਾਂ

ਹੱਥ ਵਿਚ ਮਾਲਾ ਫੜਦੇ ਕਿੱਦਾਂ
ਦੁਨੀਆਂ ਘੁੰਮਾਉਣੀ ਮੈਂ ਦਸੱਦਾ ਹਾਂ

ਰਾਮ ਨਾਮ ਦਾ ਰਟ ਲੈ ਮੰਤਰ
ਦੁਨੀਆ ਕਿੱਦਾਂ ਪਿੱਛੇ ਲਾਉਣੀ ਮੈਂ ਦੱਸਦਾ ਹਾਂ

ਭਗਵੇਂ ਕਪੜੇ ਸੋਂਹਦੇ ਪਾ ਲੈ
ਸਾਕੀ ਦਾ ਪਤਾ ਮੈਂ ਦੱਸਦਾ ਹਾਂ

ਜੇ ਸ਼ਰਮ ਹਯਾ ਹੈ ਥੋੜੀ ਵੀ ਪੱਲੇ
ਤਾਂ ਘਰ ਦੀ ਕੱਢੀ ਮੈਂ ਦਸੱਦਾ ਹਾਂ

ਅਲਖ਼ ਹਕੀਕੀ ਦਾ ਇਕੋ ਨੁਸਖ਼ਾ
ਬਗ਼ਲ 'ਚ ਛੁਰੀ ਰਖਣੀ ਮੈਂ ਦਸੱਦਾ ਹਾਂ

ਪ੍ਰਵਚਨਾਂ ਦੀ ਕਰ ਬੌਛਾਰ ਇਤਨੀ
ਹੜ੍ਹ ਲਿਆਓਣਾ ਮੈਂ ਦਸੱਦਾ ਹਾਂ

ਤੇਰੀ ਸੋਚ ਨੇ ਅੰਬਰ ਗਾਹੇ ਤੇ ਪਤਾਲ ਵੀ ਟੋਹਿਆ
ਆਪਣਿਆ ਦੇ ਹੁੰਦੇ ਹੋਏ ਵੀ
ਫਿਰ ਕਿਉਂ ਤੂੰ ਅਨਾਥ ਹੋਇਆ

ਉਸ ਦਿਨ ਮੁੜ ਜਿਊਣ ਨੂੰ ਬੇਹੱਦ ਮਨ ਕੀਤਾ
ਜਦੋਂ ਆਕੇ ਮੇਰੀ ਮਜਾਰ ਤੇ ਉਹ ਬਹੁਤ ਰੋਇਆ

ਮੈਂ ਇਸ ਕਾਬਿਲ ਕਿਉਂ ਨਹੀ
ਕਿ ਉਸਨੂੰ ਮੁਜਰਿਮ ਕਹਿ ਸਕਾਂ
ਜਿਸਨੇ ਬੜੀ ਬੇਰਹਿਮੀ ਨਾਲ  ਮੇਰੇ ਜਿਸਮ ਨੂੰ ਕੋਹਿਆ

ਇਸ ਦਹਿਸ਼ਤ ਭਰੇ ਮਾਹੌਲ ਨੂੰ
ਦਫ਼ਨ ਕਰ ਦਿਆਂ ਜਾਂ ਦਫ਼ਨ ਹੋ ਜਾਵਾਂ
ਨਹੀਂ ਤੇ ਕਿਸ ਅਰਥ ਹੈ ਜੀਣਾ ਮੇਰਾ
ਮੈਂ ਤੇ ਜਿਊਂਦਾ ਜੀਅ ਵੀ ਮੋਇਆ

ਇਹ ਕਹਾਣੀ ਮੇਰੇ ਕੱਲੇ ਦੀ ਤਾਂ ਨਹੀ
ਹਰ ਸਖ਼ਸ਼ ਹੈ ਪਾਤਰ ਹਰ ਘਟਨਾ ਦਾ
ਜਵਾਬ ਤਲਬੀ ਮੇਰੇ ਕੋਲੋਂ ਹੀ ਮੰਗਦੇ ਹੋ
ਬਾਕੀ ਦਾ ਆਲ਼ਮ ਕਿੱਥੇ ਸੋਇਆ

ਫ਼ਨ ਉਠੱਣ ਤੋਂ ਪਹਿਲਾਂ ਹੀ ਕੁਚਲ ਦਿੰਦੇ
ਰਾਤ ਹੋਣ ਤੋਂ ਪਹਿਲਾਂ ਹੀ ਘਰਾਂ ਨੂੰ ਪਰਤ ਆਓਂਦੇ
ਹਰ ਸਖ਼ਸ਼ ਨੂੰ ਆਪਣੇ ਘਰ ਦੀ ਪੈ ਗਈ
ਜਦੋਂ ਤੋਂ ਨਫ਼ਰਤ ਦਾ ਇਹ ਬੀਜ ਬੋਇਆ

ਹਾਦਸੇ ਤੇ ਹਾਦਸਾ ਨਾ ਕਦੇ ਵਾਪਰਦਾ
ਜੇ ਮਰਕਜ਼ਾ-ਏ-ਸੋਚ ਬਸ ਇਕ  ਹੀ ਹੁੰਦਾ
ਸੂਰਜ ਜੋ ਪੂਰਬ ਤੋਂ ਚੜ੍ਹਦਾ ਸੀ
ਪਛੱਮ 'ਚ ਲਹਿੰਦਾ ਲਹਿੰਦਾ ਰੋਇਆ

ਟੁੱਟ ਗਿਆ ਅਜ ਫੇਰ ਕੋਈ ਅੰਬਰੀ ਤਾਰਾ
ਹਰ ਨਜ਼ਰੀਂ ਹੁਣ ਉਹ ਨਿਥਾਵਾਂ

ਮੇਰੀ ਨਜ਼ਰੀਂ ਨਾ ਉਹ ਨਿਥਾਵਾਂ
ਚੁੱਕਾਂ ਕਿ ਚੁੱਕ ਕੇ ਸੀਨੇ ਲਾਵਾਂ

ਇਹ ਤਾਰਾ ਮੇਰੇ ਵਿਚੋਂ ਜਨਮਿਆ
ਇਕ ਧਰਮ ਇਕ ਜ਼ਾਤ
ਤੇ ਇਕ ਹੀ ਮਾਂ ਦੀਆਂ ਛਾਵਾਂ

ਇਹ ਤਾਰਾ ਮੇਰੇ ਦੁੱਖ ਦਾ ਸਾਥੀ
ਇਹ ਤਾਰਾ ਮੇਰੇ ਸੁੱਖ ਦਾ ਬੇਲੀ
ਹਰ ਰੁੱਤ ਮੇਰੇ ਨਾਲ ਹੰਢਾਦਾ

ਇਕ ਲੱਗੇ ਤਾਂ ਮੇਰੇ ਸੌ ਸੌ ਲੱਗਦੀਆਂ
ਹਰ ਪੱਲ ਮੇਰੇ ਨਾਲ ਇਹ ਰਹਿੰਦਾ
ਬਣ ਕੇ ਮੇਰਾ ਪਰਛਾਵਾਂ

ਇਹ ਤਾਰਾ ਰਸ ਅਮ੍ਰਿਤ ਜਿਹਾ
ਗੁਰੂਆਂ ਦੇ ਬੋਲਾਂ ਵਰਗਾ
ਪੀਵਾਂ ਕਿ ਪੀ ਕੇ ਅਮਰ ਹੋ ਜਾਵਾਂ

ਇਸ ਤਾਰੇ ਦੇ ਸੀਨੇ ਵੱਗਦਾ
ਪੰਜ ਆਬਾਂ ਦਾ ਪਾਣੀ
ਘੁੱਟ ਭਰਾਂ ਮੈਂ ਇਹਦਾ ਤਾਂ ਕਿ
ਹਰ ਜੂਨੇ ਮੈਂ ਇਹਦੀ ਆਵਾਂ

ਇਸ ਤਾਰੇ ਦੇ ਸੀਨੇ ਉਕੱਰੀਆਂ
ਕਈ ਜਨਮ ਦੀਆਂ ਕਥਾਵਾਂ

ਹਰ ਕਥਾ ਮੂੰਹ ਆਪਣੇ ਦੱਸਦੀ
ਝੱਲੀਆਂ ਕਈ ਅਜ਼ਾਬਾਂ

ਪਿਤੱਰਾਂ ਦੀ ਜ਼ੁਬਾਨੀ ਸੁਣਿਆ ਸੀ ਮੈਂ ਵੀ
ਦੁਹਰਾਦਾਂ ਹੈ ਇਤਿਹਾਸ ਆਪਣੇ ਆਪ ਨੂੰ ਕਦੀ

ਅਜ ਫੇਰ ਇਸ ਤਾਰੇ ਦੇ ਚਿਹਰੇ ਤੇ
ਚੁੱਪ ਦੀ ਛਾਇਆ ਹੈ
ਕਿ ਕੋਈ ਵੇਖੋ ਇਹਦੀਆਂ ਨਬਜ਼ਾਂ
ਕੋਈ ਵੇਖੋ ਕਿ ਕੀ ਹੋਇਆ ਇਸਨੂੰ
ਮੈਥੋਂ ਤਾਂ ਇਹ ਕਦੇ ਨਾ ਰੁੱਸਿਆ
ਕਦੇ ਨਾ ਹੋਇਆ ਵੱਖ ਵੀ ਮੈਥੋਂ
ਫਿਰ ਕਿਸਦੀਆਂ ਲੱਗੀਆਂ ਅਜ ਇਸਨੂੰ ਹਾਵਾਂ

ਕੁਝ ਕਿਹਾ ਤਾਂ ਫ਼ਾਸਲੇ ਹੋਰ ਵੱਧਣਗੇ
ਤੇ ਫਿਰ ਇਹ ਬੱਦਲ ਵੀ ਸ਼ਾਇਦ
ਮੇਰੇ ਤੇ ਹੀ ਵਰਸਣਗੇ
ਰੁੱਤ ਬਦਲੀ ਤਾਂ ਫਿਰ ਕਿਤੇ ਜਾ ਕੇ
ਉਹ ਇਕ ਵਾਰ ਤੇ ਜ਼ਰੂਰ
ਮੇਰੇ ਬਾਰੇ 'ਚ ਸੋਚਣਗੇ
ਮੇਰਿਆਂ ਲਫ਼ਜ਼ਾਂ ਨੂੰ
ਇਕ ਵਾਰ ਤੇ ਜ਼ਰੂਰ ਪਰਖ਼ਣਗੇ
ਲੰਘ ਜਾਏਗਾ ਜਦੋਂ ਇਹ
ਪੂਰ ਕਾਲੀਆਂ ਰਾਤਾਂ ਦਾ
ਕੁਝ ਭੁੱਲੀਆਂ ਵਿਸਰਿਆ ਬਾਤਾਂ ਦਾ
ਤੇ ਮਿਟ ਜਾਏਗਾ ਜਦੋਂ
ਰੀਝਾਂ ਮੇਰੀਆਂ ਦੇ ਚਿਹਰੇ ਉਕੱਰਿਆ
ਇਹ ਲਫ਼ਜ਼ ਵਿਯੋਗ ਦਾ
ਤਾਂ ਫਿਰ ਖ਼ਿਆਲਾਤ 'ਚ ਤੇਰੇ
ਅਕਸ ਮੇਰਾ ਉਭੱਰੇਗਾ
ਸਾਹਾਂ ਦੇ ਪੰਛੀ
ਭੁੱਲ ਜਾਣਗੇ ਉਡੱਣਾ
ਤੇ ਮੁੜ ਫੇਰ ਦੁਬਾਰਾ
ਚਿੱਤਰੇ ਜਾਣਗੇ ਉਹ ਹਰਫ਼
ਜੋ ਕਲਮ ਮੇਰੀ ਤੋਂ ਤੂੰ ਕਦੇ ਲਿਖਵਾਏ ਸਨ
ਫਿਰ ਮਨ ਤਾਂ ਬਹੁਤ ਕਰੇਗਾ ਪਰਤ ਆਉਣ ਨੂੰ
ਪਰਤ ਕੇ 'ਤੇ
ਮੁੜ ਇਸ ਬਿਰਖ਼ ਦੀਆਂ ਛਾਵਾਂ ਮਾਣਨ ਨੂੰ
ਪਰ ਉਸ ਵਕਤ
ਨਾ ਤੇ ਇਹ ਬਿਰਖ਼ ਹੀ ਹੋਵੇਗਾ
ਤੇ ਨਾ ਹੀ ਇਸਦੀਆਂ ਛਾਵਾਂ
ਝੜ ਚੁੱਕੇ ਹੋਣਗੇ ਪੱਤਰ ਇਸਦੇ
ਤੇ ਕੋਈ ਹੋਵੇਗਾ ਟਾਵਾਂ ਟਾਵਾਂ
ਹੁਣ ਕਿਉਂ ਸੋਚ ਕੇ ਪਛਤਾਂਦਾ ਹੈਂ 'ਅਜ਼ਜ਼ਿ'

ਖ਼ੁਦ ਆਪਣੇ ਹਥੀਂ ਤੂੰ ਆਪ ਲਿਖੀ
ਖ਼ੁਦ ਆਪਣੀ ਹੀ ਤਕਦੀਰ
ਪਤਿੱਆਂ ਦੀ ਖੜ ਖੜ ਵੀ ਕੁਝ ਕੰਹਿਦੀ ਏ
ਐਵੇਂ ਤਾਂ ਨਹੀ ਹਵਾ ਨਾਲ ਖੰਹਿਦੀ ਏ

ਤੇਰਾ ਤਸੱਵਰ ਨੇ ਮੇਰੀਆਂ ਗ਼ਜ਼ਲਾਂ
ਜਰਾ ਵੇਖ ਨਜ਼ਾਕਤ ਕੀ ਕੰਹਿਦੀ ਏ

ਕਾਫ਼ੀਆ ਰਦੀਫ਼ ਮਿਲਣ ਤੱਕ
ਗ਼ਜ਼ਲ ਕੀ ਕੁਝ ਨਹੀਂ ਸੰਹਿਦੀ ਏ

ਜੋ ਜ਼ੁਬਾਂ ਤੋਂ ਕਦੇ ਨਾ ਬਿਆਨ ਹੋ ਸਕੇ
ਉਹ ਗ਼ਜ਼ਲ ਸਭ ਕੁਝ ਕੰਹਿਦੀ ਏ

ਤੇਰੇ ਆਓਣ ਦੀ ਖੁਸ਼ੀ ਕਿੰਨੀ ਵੇਖ ਇਸਨੂੰ
ਮੇਰੀ ਗ਼ਜ਼ਲ ਲਾੜੀ ਬਣ ਬਣ ਬਹਿੰਦੀ ਏ

ਰੁੱਖਾਂ ਨੂੰ ਇੰਤਜ਼ਾਰ ਹੈ ਬਹਾਰ ਦੇ ਆਓਣ ਦਾ
ਪਰ ਸਾਨੂੰ ਭਾਲ ਤੇਰੀ ਹੀ ਰਹਿੰਦੀ ਏ

ਹੋਸ਼ ਮਸਤੀ ਦੀਆਂ ਅਜ਼ਬ ਇਹ ਲਹਿਰਾਂ
ਇਕ ਚੜ੍ਹਦੀ ਤੇ ਇਕ ਲਹਿੰਦੀ ਏ

ਇਹ ਹਵਾ ਜੋ ਤੇਰੇ ਕੰਨ ਕੋਲ ਦੀ ਸਰਕ ਗਈ
ਕੀ ਸੁਣਿਆ ? ਕਿ ਇਹ ਕੀ ਕਹਿੰਦੀ ਏ

ਸੱਧਰਾਂ ਦੇ ਸਭ ਫੁੱਲ ਮੈਂ ਉਸ ਵਿਚ ਰੋੜ੍ਹ ਛੱਡੇ
ਜੋ ਨਦੀ ਤੇਰੇ ਸ਼ਹਿਰ ਵੱਲ ਨੂੰ ਵਹਿੰਦੀ ਏ

ਐ ਸਾਕੀ ਮੈਨੂੰ ਜਾਮ ਪਿਲਾ
ਜਾਮ ਆਬ-ਏ-ਹਯਾਤ ਪਿਲਾ

ਕੋਈ ਤੀਰ ਨਾ ਮੈਨੂੰ ਭੇਦ ਸਕੇ
ਕੋਈ ਐਸੀ ਸੰਜੀਵਨੀ ਘੋਲ ਪਿਲਾ

ਸਭ ਭੇਦ ਦਿਲਾਂ ਦੇ ਮਿਟ ਜਾਵਣ
ਜੇ ਹੈ ਤਾਂ ਕੁੰਨਾ ਦਾ ਪਾਣੀ ਪਿਲਾ

ਰਸਤੇ ਨੇ ਕਈ ਪਰ ਮੰਜ਼ਿਲ ਹੈ ਇਕ
ਚੱਲ ! ਫੇਰ ਵੀ ਘੋਲ ਅਮ੍ਰਿਤ ਪਿਲਾ

ਗਰਾਂ ਤੋਂ ਬਹੁਤ ਦੂਰ ਮੈਂ ਚੱਲ ਆਇਆ
ਦੁੱਧ ਰਿੜਕ ਤੇ ਮੈਨੂੰ ਲੱਸੀ ਪਿਲਾ

ਇਕ ਬੂੰਦ ਪਾਣੀ ਲਈ ਤਰਸ ਰਿਹਾ
ਖੂਹ ਗੇੜ ਕੇ ਠੰਡਾ ਪਾਣੀ ਪਿਲਾ

ਮਹਿਖ਼ਾਨੇ ਵਿਚ ਨਹੀਂ ਜੇ ਕੁਝ ਵੀ ਤੇਰੇ
ਤਾਂ ਪਿਆਲਾ ਘੋਲ ਕੇ ਜ਼ਹਿਰ ਪਿਲਾ

ਉਸ ਡੈਣ ਦੇ ਆਂਤਕ ਤੋਂ ਬਚਣ ਲਈ
ਪੰਜੇ ਹੱਥ ਮੈਂ ਕੰਧਾਂ ਤੇ ਲਿੱਪਦਾ ਰਿਹਾ

ਬੇ-ਵਫ਼ਾ ਹੁੰਦਿਆ ਹੋਇਆਂ ਵੀ ਉਸਨੂੰ
ਮੈਂ ਬਾ-ਵਫ਼ਾ ਲਿਖਦਾ ਰਿਹਾ

ਮੇਰੇ ਜ਼ਖਮਾਂ ਦੀ ਕੀ ਕਰਨੀ ਸੀ ਟਕੋਰ ਉਸਨੇ
ਜ਼ਖਮ ਬਣ ਕੇ ਜੋ ਖੁਦ ਮੇਰੇ ਜ਼ਖਮਾਂ ਚੋਂ ਰਿਸੱਦਾ ਰਿਹਾ

ਸਾਡੇ ਪਿਆਰ ਦੀ ਕਦਰ ਕੀ ਪਾਉਣੀ ਸੀ ਉਸਨੇ
ਜੋ ਸੋਨੇ ਦੇ ਪੈਮਾਨਿਆਂ ਤੇ ਪਾਰਸ ਨੂੰ ਮਿਣਦਾ ਰਿਹਾ

ਸੁਪਨਾ ਸਾਜ ਕੇ ਕੀ ਕਰਨੀ ਸੀ
ਉਸਨੇ ਨਵੇਂ ਯੁੱਗ ਦੀ ਸ਼ੁਰੂਆਤ
ਜੋ ਖ਼ੁਦ ਬਣ ਕੇ ਅੱਥਰੂ ਹਰ ਵਾਰ
ਅਖੀਆਂ ਚੋਂ ਕਿਰਦਾ ਰਿਹਾ

ਸਥਿਰਤਾ ਕਦੇ ਵੀ ਨਾ ਆ ਸਕੀ ਵਿਚਾਰਾਂ 'ਚ ਉਸਦੇ
ਕੀ ਕੁਝ ਨਹੀਂ ਕੀਤਾ ਉਹਨੇ ਸਭ ਕੁਝ ਪਾਓਣ ਲਈ
ਜੋ ਸ਼ਰੇ ਬਜ਼ਾਰ ਵਿੱਕਦਾ ਰਿਹਾ

ਉਹ ਸ਼ਾਂਤ ਦਰਿਆ ਸੀ ਤੁਰਦਾ ਗਿਆ
ਮੈਂ ਸਿੱਪੀਆਂ ਨੂੰ ਚੁੱਪ ਚਾਪ ਚੁੱਗਦਾ ਗਿਆ

ਜਿਵੇਂ ਜਿਵੇਂ ਉਹ ਸਾਹਾਂ ‘ਚ ਘੁਲਦਾ ਗਿਆ
ਉਵੇਂ ਉਵੇਂ ਇਹ ਰਹੱਸ ਖੁਲੱਦਾ ਗਿਆ

ਪੰਜੇ ਪਾਣੀਆਂ ਦਾ ਸੀ ਜਲੌਂ ਉਸ ਵਿਚ
ਪਤਾ ਨਹੀਂ ! ਫਿਰ ਕਿਉਂ ਅੰਦਰੋ ਅੰਦਰੀ ਖ਼ੁਰਦਾ ਗਿਆ

ਜਿਸ ਦਿਨ ਤੋਂ ਉਸਨੇ ਆਪਣਿਆ ਦਾ ਡੁਲੱਦਾ ਖ਼ੂਨ ਵੇਖਿਆ
ਅੰਦਰੋ ਅੰਦਰੀ ਉਹ ਹੋਰ ਵੀ ਧੁੱਖ਼ਦਾ ਗਿਆ

ਅੱਗ ਲਾ ਕੇ ਤਮਾਸ਼ਾ ਵੇਖਣ ਵਾਲੇ ਹੁੰਦੇ ਨੇ ਹੋਰ
ਪਤਾ ਨਹੀਂ ! ਉਹ ਕਿਹੜੀ ਅੱਗ ਵਿਚ ਝੁੱਕਦਾ ਗਿਆ

ਨਾ ਚਾਹ ਕੇ ਵੀ ਉਹ ਕਦਮ ਵਧਾ ਦਿੰਦਾ
ਫੇਰ ਹੋਰ ਤੇ ਹੋਰ ਦਲਦਲ ਵਿਚ ਧੁੱਸਦਾ ਗਿਆ

ਦਿਲ ਆਪਣੇ ਦਾ ਮਹਿਰਮ ਜਾਣਦਾ ਸੀ ਜਿਸਨੂੰ
ਬਾਜ਼ ਬਣ ਕੇ ਉਹੀਓ ਉਸਨੂੰ ਟੁੰਗਦਾ ਗਿਆ

ਉਹ ਬੋਲਦੀ ਗਈ ਮੈਂ ਲਿਖਦਾ ਗਿਆ
ਬਸ ਇਵੇਂ ਹੀ ਗ਼ਜ਼ਲ ਸਿੱਖਦਾ ਗਿਆ

ਤੀਰ ਉਸਨੇ ਕਮਾਨ ਤੇ ਚਾੜ੍ਹਨਾ ਦਸਿੱਆ
ਫੇਰ ਨਿਸ਼ਾਨੇ ਤੇ ਨਿਸ਼ਾਨਾ ਮੈਂ ਵਿੰਨਦਾ ਗਿਆ

ਕੁਰਾਨ ਬਾਇਬਲ ਤੇ ਗ੍ਰੰਥ ਦਾ ਮੁਜੱਸਾ ਹੈ ਉਹ
ਰੱਬ ਰੂਪ ਉਹਦੇ ਵਿਚੋਂ ਮੈਨੂੰ ਦਿੱਖਦਾ ਗਿਆ

ਰਾਮ ਨਾਮ ਦਾ ਉਹ ਤਬਸਰਾ ਕਰਦੀ ਗਈ
ਭਰਮ ਦਿਲ ਦਾ ਦਿਲ ਚੋਂ ਮਿੱਟਦਾ ਗਿਆ

ਮੇਰੀ ਸੋਚ ਦੀ ਸਿਖ਼ਰ ਦਾ ਕੇਂਦਰ ਹੈ ਉਹ
ਓਸ ਬਿੰਦੂ ਤੇ ਧਿਆਨ ਮੇਰਾ ਟਿੱਕਦਾ ਗਿਆ

ਮੈਂ ਜਿਨੇ ਵੀ ਕਦਮ ਉਸ ਵੱਲ ਨੂੰ ਵਧਿਆ
ਹਰ ਪੈੜ ਨੂੰ ਮੇਰੀ ਉਹ ਗਿਣਦਾ ਗਿਆ

ਮੇਰੀ ਗ਼ਜ਼ਲ ਦਾ ਸਾਖ਼ਸ਼ਾਤ ਰੂਪ ਹੈ 'ਤੂੰ'
ਮਰਦਾ ਮਰਦਾ ਵੀ ਮੈਂ ਲਿਖਦਾ ਗਿਆ

ਉਹ ਬੋਲਦੀ ਗਏ

ਵਾਰ ਵਾਰ ਚਿੱਤਰਿਆ ਜਾਂਵਾਗਾ
ਤੇਰੀ ਕਿਤਾਬ-ਏ-ਸੋਜ਼ ਤੇ

ਹਰ ਲਫ਼ਜ਼ ਗਵਾਹੀ ਭਰੇਗਾ 'ਤੇ
ਪ੍ਰਸ਼ਨ ਚਿੰਨ ਹੋਵੇਗਾ ਤੇਰੀ ਸੋਚ ਤੇ

ਕੁਝ ਲਿਖਣ ਤੋਂ ਪਹਿਲਾਂ ਪਰਖ਼ਿਆ ਕਰ
ਹਰ ਲ਼ਫ਼ਜ਼ ਨੂੰ ਵੇਖ ਘੋਖ ਕੇ

ਸਿਆਸਤ ਦਾ ਧਰਮ ਹੈ ਵਿਉਪਾਰ
ਵਣਜ ਕਰਿਆ ਕਰ ਤੂੰ ਵੀ ਜਰਾ ਸੋਚ ਕੇ

ਮੈਂ ਤੇ ਆਪਣਿਆ ਦੀ ਹੀ ਤਸ਼ਦੱਦ ਦਾ ਸ਼ਿਕਾਰ ਹੋਇਆ
ਦੱਸ ਆਪਣੇ ਵੀ ਦਿਲ ਦਾ ਹਾਲ ਜਰਾ ਖੋਲ ਕੇ

ਕਮਾਨੋਂ ਨਿਕਲਿਆ ਤੀਰ ਨਾ ਫੇਰ ਪਰਤੇ
ਮੂਹੋਂ ਕੱਢਿਆ ਕਰ ਬੋਲ ਜਰਾ ਤੋਲ ਕੇ

ਹੱਸਦਾ ਹੈ ਸਮੁੰਦਰ ਹਰ ਰੋਜ਼ ਹੀ
ਇਹਨਾਂ ਲਹਿਰਾਂ ਦੇ ਸ਼ੋਰ ਤੇ

ਧਰਮ ਅਕੀਦਤ ਮਰ ਚੁੱਕੀ
ਵਿੱਕਦਾ ਹੈ ਭਗਵਾਨ ਵੀ ਉੱਚੇ ਤੋਂ ਉੱਚੇ ਬੋਲ ਤੇ

ਦੁਸ਼ਮਣ ਨਾਲ ਵੀ ਹੱਸ ਕੇ ਬੋਲਿਆ ਕਰ 'ਅਜ਼ੀਜ਼'
ਨਹੀਂ ਤੇ, ਕੋਣ ਆਏਗਾ ਤੇਰੀ ਮੌਤ ਤੇ

ਜ਼ਿੰਦਗੀ ਦਾ ਕੋਈ ਪਾਸਾ
ਚਿੱਤਰ ਦਿਆਂ ਤੇਰੀ ਤਸਵੀਰ ਦਾ
ਵੇਖਦਾ ਹਾਂ ਜਲੌਂ ਜਦ ਵੀ
ਤੇਰੇ ਹੁਸਨ ਦੀ ਸ਼ਮਸ਼ੀਰ ਦਾ

ਤੇਰੇ ਕੰਠ ਚੋਂ ਨਿਤਰੇ ਬੋਲਾਂ ਤੋਂ
ਵਿਸਮਾਦਮਈ ਹੋ ਜਾਂਦਾ ਹਾਂ
ਸ਼ਬਦਾਂ ’ਚ ਤਸੱਵਫ਼ ਏਨੀ ਕਿ
ਨਹੀਂ ਸਾਨੀ ਤੇਰੀ ਤਕਰੀਰ ਦਾ

ਜਜ਼ਬਾਤਾਂ ਦੀ ਤੇਰੀ ਸਾਣ ਤੇ
ਗੀਤ ਤਾਂ ਮੇਰੇ ਸਾਣੇ ਗਏ
ਪਰ ਝੱਲਦਾ ਹਾਂ ਸੰਤਾਪ ਅੱਜ ਵੀ
ਤੇਰੀ ਖਿੱਚੀ ਹੋਈ ਲਕੀਰ ਦਾ

ਤਰਾਸ਼ਦਾ ਹਾਂ ਅੱਜ ਵੀ
ਮੈਂ ਬੁੱਤ ਤੇਰੀ ਬੇਵਫ਼ਾਈ ਦਾ
ਵੇਖ! ਮੈਂ ਕਿਵੇਂ ਤੇਰੇ ਨਕਸ਼ਾਂ ਨੂੰ
ਯਾਦਾਂ ਦੀ ਫੁਲਕਾਰੀ ਤੇ ਕਸੀਦਦਾ

ਮੈਂ ਅਜ ਤੱਕ ਉਸਦੀਆਂ ਨਜ਼ਰਾਂ ’ਚ ਵੰਹਿਦੇ
ਅਲਫ਼ਾਜ਼ ਪੜ੍ਹ ਨਾ ਸਕਿਆ
ਤੇ
ਨਾ ਹੀ ਉਸਦੇ ਥਿਰਕਦੇ ਹੋਠਾਂ ਦੀ
ਖ਼ਾਮੋਸ਼ ਜ਼ੁਬਾਂ ਨੂੰ ਸਮਝ ਸਕਿਆ
ਮੈਂ
ਜਦ ਕਦੇ ਵੀ ਉਸਦੇ ਸਨਮੁੱਖ ਹੁੰਦਾ ਹਾਂ
ਮੇਰੀ ਹਰ ਕੋਸ਼ਿਸ ਨਾਕਾਮ ਰੰਹਿਦੀ ਹੈ
ਜਜ਼ਬਾਤ ਮੇਰੇ
ਕੱਚੇ ਕੱਚ ਦੀ ਤਰਹਾਂ ਤਿੜਕ ਜਾਦੇਂ ਨੇ
ਮੈਂ ਉਸਦੀ ਹਰ ਪੱਖ ਤੋਂ ਪਰਦੱਖਣਾ ਕਰਦਾ ਹਾਂ
ਉਸਦੀ ਜ਼ਿੰਦਗੀ ਦੇ ਹਰ ਪਹਿਲੂ ਤੋਂ ਵਿਚਰਦਾ ਹਾਂ
ਪਰ
ਫਿਰ ਵੀ ਮੈਂ ਅਜ ਤੱਕ
ਉਹਨਾਂ ਲਫ਼ਜ਼ਾਂ ਨੂੰ ਨਾ ਪੜ੍ਹ ਸਕਿਆ
ਜੋ ਹਰ ਰੋਜ਼ ਉਸਦੀਆਂ ਨਜ਼ਰਾਂ ਵਿਚ
ਇਕ ਨਵਾਂ ਅਧਿਆਇ ਸੰਜੋਈ ਰੰਹਿਦੀਆਂ ਹਨ
ਮੈਂ ਉਸਨੂੰ
ਆਪਣੇ ਗੀਤਾਂ ਦਾ ਪਾਤਰ ਬਣਾਓਣਾ ਚਾਹੁੰਦਾ ਹਾਂ
ਮੈ ਉਸਨੂੰ
ਮੁਸਬੱਰ ਬਣ ਖ਼ਿਆਲਾਂ ’ਚ ਚਿਤਰਣਾ ਚਾਹੁੰਦਾ ਹਾਂ
ਕਾਸ਼ ਮੈਂ ਉਸਦੀਆਂ ਬਾਤਾਂ ਨੂੰ ਸਮਝ ਸਕਦਾ
ਉਸਦੀਆਂ ਨਜ਼ਰਾਂ ’ਚ ਵੰਹਿਦੇ ਹਰਫ਼ਾਂ ਨੂੰ ਪੜ੍ਹ ਸਕਦਾ
ਅਖ਼ੀਰ ਮੈਂ ਬੇਵਸ ਤੇ ਲਾਚਾਰ ਹੋ ਸੋਚਦਾ ਹਾਂ
ਕਿ
ਕਦੋਂ ਤੱਕ ਮੈਂ
ਸਾਗਰ ਚੋਂ ਉਠੱਦੀਆਂ ਲਹਿਰਾਂ ਵਾਂਗ
ਇਕ ਲਹਿਰ ਹੋ
ਸਾਹਿਲਾਂ ਨਾਲ ਟਕਰਾਓਂਦਾ ਰਹਾਂਗਾ
ਓਹ ਵੀ ਕੈਸਾ ਬਿਰਖ਼ ਹੈ ਜੋ ਮੇਰੀ

ਹਰ ਇਕ ਨਜ਼ਮ ਤਾਂ ਪੜ੍ਹਦਾ ਹੈ
ਮੇਰੇ ਹਰ ਹਾਲ ਤੋਂ ਵਾਕਫ਼ ਤਾਂ ਹੁੰਦਾ ਹੈ
ਪਰ ਫਿਰ ਵੀ ਕੋਈ ਹੁੰਗਾਰਾ ਨਹੀਂ ਦਿੰਦਾ
ਪਤਾ ਨਹੀਂ ਕਿਉਂ ਨਹੀਂ ਉਹ
ਆਪਣੀ ਲਫ਼ਜ਼ਾਂ ਦੀ ਪਟਾਰੀ ਚੋਂ
ਦੋ ਬੋਲ ਵਸਲ ਦੇ ਕਢੱਦਾ
'ਅਜ਼ੀਜ਼' ਦੇ ਤੱਪਦੇ ਲੇਖਾਂ ਨੂੰ
ਆਖ਼ਿਰ ਕਿਉਂ ਨਹੀਂ ਉਹ
ਛਾਂ ਆਪਣੀ ਦੇਦਾਂ
ਕਾਸ਼ ਮੈਂ ਉਸਦੀਆਂ ਬਾਤਾਂ ਨੂੰ ਸਮਝ ਸਕਦਾ
ਉਸਦੀਆਂ ਨਜ਼ਰਾਂ 'ਚ ਵੰਹਿਦੇ ਹਰਫ਼ਾਂ ਨੂੰ ਪੜ੍ਹ ਸਕਦਾ
ਅਖ਼ੀਰ ਮੈਂ ਬੇਵਸ ਤੇ ਲਾਚਾਰ ਹੋ ਸੋਚਦਾ ਹਾਂ
ਕਿ
ਕਦੋਂ ਤੱਕ ਮੈਂ
ਸਾਗਰ ਚੋਂ ਉਠੱਦੀਆਂ ਲਹਿਰਾਂ ਵਾਂਗ
ਇਕ ਲਹਿਰ ਹੋ
ਸਾਹਿਲਾਂ ਨਾਲ ਟਕਰਾਓਂਦਾ ਰਹਾਂਗਾ
ਓਹ ਵੀ ਕੈਸਾ ਬਿਰਖ਼ ਹੈ ਜੋ
ਮੇਰੀ
ਹਰ ਇਕ ਨਜ਼ਮ ਤਾਂ ਪੜ੍ਹਦਾ ਹੈ
ਮੇਰੇ
ਹਰ ਹਾਲ ਤੋਂ ਵਾਕਫ਼ ਤਾਂ ਹੁੰਦਾ ਹੈ
ਪਰ ਫਿਰ ਵੀ
ਕੋਈ ਹੁੰਗਾਰਾ ਨਹੀਂ ਦਿੰਦਾ
ਪਤਾ ਨਹੀਂ ਕਿਉਂ ਨਹੀਂ ਉਹ
ਆਪਣੀ ਲਫ਼ਜ਼ਾਂ ਦੀ ਪਟਾਰੀ ਚੋਂ
ਦੋ ਬੋਲ ਵਸਲ ਦੇ ਕਢੱਦਾ
'ਅਜ਼ੀਜ਼' ਦੇ ਤੱਪਦੇ ਲੇਖਾਂ ਨੂੰ
ਆਖ਼ਿਰ ਕਿਉਂ ਨਹੀਂ ਉਹ
ਛਾਂ ਆਪਣੀ ਦੇਦਾਂ

ਵੀਣੀ ’ਚ ਪਾਈਆਂ ਵੰਗਾਂ ਨੂੰ
ਤੂੰ ਜਰਾ ਛਣਕਾਅ ਤਾਂ ਸਹੀ
ਲੱਗੀ ਤਾਬ ਜੋ ਸੀਨੇ ਬਿਰਹਾ ਦੀ
ਉਸ ਤਾਬ ਨੂੰ ਜਰਾ ਬੁਝਾ ਤਾਂ ਸਹੀ

ਕਿਉਂ ਰੱਖਦੀ ਏਂ ਨਜ਼ਰਾਂ ਝੁਕਾ ਕੇ ਤੂੰ
ਪਲਕਾਂ ਦੇ ਸਿਹਰੇ ਉਠਾ ਤਾਂ ਸਹੀ
ਇਕ ਵਾਰ ਇਹ ਤੀਰ ਹੁਸਨ ਦਾ ਫਿਰ
ਸੀਨੇ ਤੇ ਜਰਾ ਚਲਾ ਤਾਂ ਸਹੀ

ਕਿ ਬਣਕੇ ਗ਼ਜ਼ਲ ਪਾਕ ਮੁਹੱਬਤ ਦੀ
ਕ਼ਲਮ ਮੇਰੀ ਤੇ ਜਰਾ ਆ ਤਾਂ ਸਹੀ
ਰਵਾਂ ਹੋ ਕੇ ਸਾਹਾਂ ’ਚ ਇਕ ਵਾਰ ਮੇਰੇ
ਸੁਰ ਬਣਕੇ ਜਰਾ ਲਹਿਰਾਅ ਤਾਂ ਸਹੀ

ਕਿਉਂ ਕਰਦੀਂ ਏਂ ਚੰਨ ਬਦੱਲਾਂ ਦੇ ਉਹਲੇ
ਜ਼ੁਲਫ਼ਾਂ ਦੇ ਘੁੰਢ ਹਟਾਅ ਤਾਂ ਸਹੀ
ਗੀਤਾਂ ਨੂੰ ਮੇਰੇ ਆਪਣਾ ਇਹ
ਦੀਦ ਹੁਸਨ ਦਾ ਜਰਾ ਕਰਵਾਅ ਤਾਂ ਸਹੀ

ਆ ਬੈਠ ਤੂੰ ਮੇਰੇ ਕੋਲ ਜਰਾ
ਗੱਲ ਪਿਆਰ ਦੀ ਕੋਈ ਸੁਣਾ ਤਾਂ ਸਹੀ
ਸਾਡੀਆਂ ਖੁਸ਼ੀਆਂ ਨਾਲ ਆਪਣੇ ਤੂੰ
ਦੁੱਖਾਂ ਨੂੰ ਜਰਾ ਵਟਾਅ ਤਾਂ ਸਹੀ

ਬਣ ਸਾਹੀ ‘ਅਜ਼ੀਜ਼’ ਦੇ ਗੀਤਾਂ ਦਾ
ਸਾਹ ਉਮਰ ਦਾ ਸਾਥ ਨਿਭਾਅ ਤਾਂ ਸਹੀ
ਲੱਗੀ ਤਾਬ ਜੋ ਸੀਨੇ ਬਿਰਹਾ ਦੀ
ਉਸ ਤਾਬ ਨੂੰ ਜਰਾ ਬੁਝਾ ਤਾਂ ਸਹੀ

ਉਹ ਅੰਬਰਾਂ ਦਾ ਤਾਰਾ ਕੋਈ
ਉਹਦੇ ਮੱਥੇ ਬਹਿਸ਼ਤੀ ਸਾਹਾ
ਚੰਨ ਸੂਰਜ ਉਹਦਾ ਭਰਦੇ ਪਾਣੀ
ਪਰੀਆਂ ਝੱਲਣ ਵਾਵਾਂ

ਜਦ ਚਰਖ਼ੇ ਤੇ ਤੰਦ ਮੈਂ ਪਾਵਾਂ
ਜਾਂ ਬੈਠੀ ਦੁੱਧ ਰਿੜਕਾਂ
ਸ਼ਾਮ ਸਵੇਰੇ ਮੈਂ ਤੇ ਅੜਿਆ
ਜਪਦੀ ਤੇਰਾ ਨਾਵਾਂ

ਅੰਬਰ ਵੀ ਮੈਂ ਫੋਲ ਚੁੱਕੀ 'ਤੇ
ਢੂੰਢ ਲਿਆ ਜੱਗ ਸਾਰਾ
ਨਾ ਮੁੱਖ ਕੋਈ ਤੇਰੇ ਵਰਗਾ
ਨਾ ਤੇਰਾ ਪਰਛਾਵਾਂ

ਚਾਰ ਚੁਫੇਰੇ ਮਹਿਕਾਂ ਉਹਦੇ
ਉਹ ਖਿੜ੍ਹਿਆ ਫੁੱਲ ਕਪਾਸੀ
ਉਹਦੀ ਇਕ ਨਜ਼ਰ ਹੀ ਸਾਵੀ
ਮੈਂ ਸੌ ਸੌ ਤੀਰਥ ਨ੍ਹਾਵਾਂ

ਸਜਨ ਜੀ ਹੁਣ ਆ ਵੀ ਜਾਓ
ਤੁੱਧ ਬਿਨ ਸੁਨਿੰਆ ਵਿਹੜਾ
ਬਿਨ ਥੋੜੇ ਮੈਂ ਇਕ ਇਕ ਸਾਹ ਦੀ
ਚੁਰਾਸੀ ਲੱਖ ਜੂਨ ਹੰਢਾਵਾਂ

ਉਸਨੇ ਮੇਰੀ ਸਾਰੀ ਵਿਥਿਆ ਸੁਣ ਲਈ
ਪਰ ਅੱਥਰੂ ਤਾਂ ਇਕ ਵੀ ਨਾ ਕਿਰਿਆ
ਉਹ ਵੀ ਕੈਸਾ ਸ਼ਖਸ ਹੈ ਜੋ ਖ਼ੁਦ ਨੂੰ
ਮੇਰਾ ਹਮਸਫ਼ਰ ਆਖਦਾ ਹੈ

ਕਿਉਂ ਬਣਾਂ ਮੈਂ ਹੋਣੀ ਉਸਦੀ
ਜੋ ਖ਼ੁਦ ਮੇਰੇ ਨਾਲ
ਅਣਹੋਣੀ ਬਣ ਕੇ ਵਾਪਰਿਆ
ਸਾਰੀ ਉਮਰ ਮੈਂ ਜਿਸ ਖ਼ਾਤਿਰ
ਹਰ ਵਹਾ ਦੀ ਰੋਕ ਬਣਿਆ
ਉਹ ਉਹਨਾਂ ਬੰਨ੍ਹਾਂ ਨੂੰ ਹੀ
ਤੋੜ ਕੇ ਪਾਰ ਲੰਘ ਗਿਆ

ਕਿਵੇਂ ਪਰਖ਼ਾਂ ਮੈਂ
ਗੁਜ਼ਰਦੇ ਸਮੇਂ ਦੀ ਨਬਜ਼ ਐ ਦੋਸਤ
ਕਿਵੇਂ ਸਮਝਾਂ ਮੈਂ ਕਿਸੇ ਬੋਟ ਦੇ
ਅਣਬੋਲੇ ਬੋਲਾਂ ਦੀ ਜ਼ੁਬਾਂ
ਮੇਰੀ ਸੋਚ ਦਾ ਕਾਫ਼ਿਲਾ
ਇਹਨਾਂ ਵਲਗਣਾਂ 'ਚ ਹੀ ਲੰਘ ਗਿਆ

ਤੁਪਕਾ ਤੁਪਕਾ ਚੋਵੇ ਹੰਝੂ
ਦੁੱਖ ਨਾ ਜਾਵਣ ਢੋਏ ਵੇ
ਕਿਸ ਨੂੰ ਸੁਣਾਵਾਂ ਗੀਤ ਮੈਂ ਆਪਣੇ
ਆਪਣੇ ਵੀ ਹੋਏ ਪਰਾਏ ਵੇ

ਸਾਹਾਂ ਦਾ ਇਹ ਵਗੱਦਾ ਦਰਿਆ
ਖ਼ਬਰੇ ਕਦੋਂ ਖਲੋ ਜਾਏ ਵੇ
ਯਾਦ ਤੇਰੀ ਜਦ ਆਂਓਦੀ ਸਜਨਾ
ਬਿਰਹੋਂ ਸ਼ੂਲ ਚੁਭਾਏ ਵੇ

ਸੂਰਜ ਬਲਦੇ ਸੁਣੀ ਕਹਾਣੀ
ਪੈ ਗਈ ਜਿੰਦ ਕੁਰਾਹੇ ਵੇ
ਨਾ ਕੋਈ ਪੰਛੀ ਬੋਲੇ ਬਨੇਰੇ
ਨਾ ਦਰ ਕੋਈ ਆਏ ਵੇ

ਉਡੀਕ 'ਚ ਤੇਰੀ ਇਹ ਦਿਨ ਆਏ
ਇਕ ਰੁੱਤ ਆਏ ਇਕ ਜਾਏ ਵੇ
ਪੈੜ੍ਹਾਂ ਨੂੰ ਤੇਰੀ ਅੱਜ ਵੀ ਸਜਨਾਂ
ਚੁੰਮਣ ਨੈਣ ਤ੍ਰਿਹਾਏ ਵੇ

ਜ਼ਿੰਦਗੀ ਦਾ ਇਹ ਸਫ਼ਰ ਲੰਮੇਰਾ
ਕਿੰਝ ਰੂਹ ਮੇਰੀ ਮੁਕਾਏ ਵੇ
ਮੇਲ ਹੋ ਜਾਏ ਮਿੱਤਰਾਂ ਦੇ ਸੰਗ
ਇਹ ਬਿਰਹਾ ਦੀ ਮੂਰਤ ਧਿਆਏ ਵੇ

ਲਫ਼ਜ਼ਾਂ ਨੂੰ ਘੁਣ ਲਗਿੱਆ ਹਿਜਰ ਦਾ
ਵਾਂਗ ਇਹ ਕੂੰਜਾ ਕੁਰਲਾਓਂਦੇ ਵੇ
ਵਿਰਲੀ ਵਿਰਲੀ ਵਿੱਥ ਅਖੀਆਂ ਦੀ
ਸੂਰਤ ਤੇਰੀ ਭਾਲੇ ਵੇ

ਕੈਦ ਹੋਇਆਂ ਸਾਹਾਂ ਦਾ ਪੰਛੀ
ਰੋਵੇ ਪੰਖ ਫੜਫੜਾਏ ਵੇ
ਜਦ ਵੇਖੇ ਆਪਣਿਆਂ ਨੂੰ ਉਡੱਦੇ
ਆਹਾਂ ਤੋਂ ਕੁਝ ਨਾ ਸਿਵਾਏ ਵੇ

ਮੈਂ ਆਪਣੀ ਤਕਦੀਰ ਦੇ ਹਥੋਂ
ਕੇਹੇ ਲੇਖ ਲਿਖ਼ਾਏ ਵੇ
ਤੁਰ ਜਾਦੇਂ ਸਭ 'ਅਜ਼ੀਜ਼' ਦੇ ਦਰ ਤੋਂ
ਫੇਰ ਨਾ ਪਰਤ ਕੇ ਆਏ ਵੇ

ਮੇਰੀ ਜ਼ਿੰਦਗੀ ਦਾ ਹਰ ਸ਼ੇਅਰ ਤੇਰੇ ਲਈ ਮੁਕੱਦਸ ਹੈ
ਤੇ ਤੇਰੀ ਹੋਂਦ ਮੇਰੀ ਮੰਜ਼ਿਲ ਲਈ ਮੁਨੱਬਰ ਹੈ

ਮੇਰੇ ਤਮਾਮ ਖ਼ਿਆਲਾਤ ਦੇ ਸਮੰਦਰ ਦਾ ਸਾਹਿਲ ਹੈ ਤੂੰ
ਘੜ੍ਹ ਦੇਵੇਗਾਂ ਹਰ ਖ਼ਿਆਲ ਮੇਰਾ ਕਿ ਤੂੰ ਐਸਾ ਮੁਸੱਬਰ ਹੈ

ਹਰ ਵਾਰ ਹੀ ਟੁੱਟ ਕੇ ਜੁੜਦਾ ਰਿਹਾ ਹਾਂ ਮੈਂ
ਪਤਾ ਨਹੀਂ ਕਿ ਤੇਰੇ ਨਾਲ ਹੀ ਕਿਓਂ ਏਨੀ ਮੁਰੱਬਤ ਹੈ

ਜੋ ਲਿੱਖ ਦਿੱਤੇ ਸੀਨੇ ਵਰਕ ਦੇ ਸੋ ਲਿਖੇ ਗਏ
ਹਰ ਹਰਫ਼ ਹੁਣ ਇਹਦਾ ਮੁਕੱਦਰ ਹੈ

ਤੁਸੀਂ ਗਏ ਤੇ ਜਾਕੇ ਨਾ ਫੇਰ ਪਰਤੇ
ਪਰ ਉਹ ਰੰਗ ਉਹ ਫ਼ਿਜ਼ਾ ਅੱਜ ਵੀ ਮੁਸਰੱਤ ਹੈ

ਜੋ ਅੱਜ ਰੰਗ ਹੈ ਰੂਪ ਹੈ ਮੇਰੀਆਂ ਗਜ਼ਲਾਂ ਦਾ
ਕੁਝ ਹੋਰ ਨਹੀਂ ਬਸ ਤੇਰਾ ਹੀ ਸੁਹਪੱਣ ਹੈ

ਤੇਰੇ ਸ਼ਹਿਰ 'ਚ ਸੂਰਜ ਵੀ ਚੜ੍ਹਨੋਂ ਡਰਦਾ ਹੈ
ਸੂਰਜ ਹੀ ਸੂਰਜ ਦਾ ਕਤਲ ਕਰਦਾ ਹੈ

ਰਹਿਨੁਮਾ ਹੀ ਬਣ ਗਏ ਨੇ ਵਹਿਸ਼ੀ ਏਥੇ
ਬਿਰਖ਼ ਹੀ ਸ਼ਾਖਾਵਾਂ ਤੋਂ ਹਵਸ ਦੀ ਪੂਰਤੀ ਕਰਦਾ ਹੈ

ਅੱਗ ਹੀ ਕਿਉਂ ਹਰ ਵਾਰ ਅੱਗ ਦੀ ਭੇਂਟ ਚੜ੍ਹਦੀ ਹੈ
ਹਰ ਰੋਜ਼ ਸਫ਼ਿਆਂ ਦੀ ਦਹਿਲੀਜ਼ ਤੇ
ਇਕ ਨਵਾਂ ਤਾਰਾ ਮਰਦਾ ਹੈ

ਲਿਖਦਾ ਵੀ ਤਾਂ ਕਿਸ ਤਰਹਾਂ ਲਿਖਦਾ
ਦਾਸਤਾਂ ਮੈਂ ਤੇਰੇ ਸ਼ਹਿਰ ਦੀ
ਦਹਿਸ਼ਤ ਹੈ ਏਨੀ ਮਾਹੌਲ ਵਿਚ
ਕਿ ਅੱਖ਼ਰ ਅਖ਼ਰ ਕੰਬਦਾ ਹੈ

ਹਰ ਵਾਰ ਤੇਰੇ ਸ਼ਹਿਰ ਦੀ ਦੁਆ ਮੰਗਦਾ ਰਿਹਾ ਹਾਂ
ਹਰ ਰਾਤ ਖ਼ਿਆਲਾਂ ਦੀ ਸਰਦਲ ਤੇ
ਇਕ ਨਵਾਂ ਚਿਰਾਗ਼ ਬਲੱਦਾ ਹੈ

ਕਿਨਾਰੇ ਤੇ ਬੈਠਾ ਵੇਖਦਾ ਹਾਂ ਉਠਦੀਆਂ ਹੋਈਆਂ ਲਹਿਰਾਂ ਨੂੰ
ਪਥੱਰਾਂ ਨਾਲ ਸਿਰ ਪਟਕਾਓਦੀਆਂ ਲਹਿਰਾਂ ਨੂੰ
ਵੇਖਦਾ ਹਾਂ ਕਦੋਂ ਤੱਕ ਇਹ ਸਿਲਸਿਲਾ ਚਲਦਾ ਹੈ

ਮਿਲਾ ਦਿਤੱਾ ਹੈ ਪਰਖ਼ ਨਲੀ ਵਿਚ
ਹਰ ਜ਼ਾਤ ਧਰਮ ਤੇ ਮਜ਼ਹਬ ਦਾ ਮਿਸ਼ਰਣ
ਵੇਖਦਾ ਹਾਂ ਸ਼ਖਸ ਕਿਹੜਾ ਅੱਜ ਇਸ ਦੀ ਪਰਖ਼ ਕਰਦਾ ਹੈ

ਸਮੇਂ  ਦਿਆਂ ਪਰਾਂ ਉਤੇ
ਮੇਰੀ ਸੋਚ ਦਾ ਸੂਰਜ ਚੜ੍ਹਦਾ ਹੈ

ਮੈਨੂੰ ਚਾਨਣੀਆਂ ਰਾਤਾਂ ’ਚ ਬੁਲਾ
ਕੋਈ ਛੁੱਪ ਗਿਆ ਲਗੱਦਾ ਹੈ

ਉਦੋਂ ਚੰਨ ਵੀ ਝੋਲੀ ਅੱਡ ਦੇਦਾਂ
ਜਦੋਂ ਅੰਬਰ ਤਾਰੇ ਛੱਟਦਾ ਹੈ

ਇਹ ਅਸਰ ਹੈ ਮੇਰੀਆਂ ਦੁਆਵਾਂ ਦਾ
ਕਿ ਤੇਰਾ ਦਿਲ ਵੀ ਹੌਂਕੇ ਭਰਦਾ ਹੈ

ਘੁੰਢ ’ਚੋਂ ਉਹ ਮੈਨੂੰ ਇੰਝ ਦਿਸੇ
ਜਿਵੇਂ ਅੰਬਰ ਤਾਰਾ ਲਸੱਦਾ ਹੈ

ਉਹਦੇ ਨੈਣ ਹਯਾ ਦੇ ਕਾਸੇ
ਜਿਵੇਂ ਝਰਨਾ ਕੋਈ ਝਰਦਾ ਹੈ

ਰੁੱਖ ਵੀ ਤਾਂ ਸੋਗ ਮਨਾਓਣ ਉਦੋਂ
ਕੋਈ ਫੁੱਲ ਜਦੋਂ ਵੀ ਝੜਦਾ ਹੈ

ਇਹ ਬੰਨ ਜੋ ਹੱਦਾਂ ਦਾ ਬੰਨ ਦਿੱਤਾ
ਮੇਰੇ ਜਿਸਮ ਨੂੰ ਛੱਲਣੀ ਕਰਦਾ ਹੈ

ਤਹਿਜ਼ੀਬ ਹੈ ਮੇਰੀ ਪੰਜ ਆਬੀ
ਫਿਰ ਪੱਛਮ ਕਿਉਂ ਮੈਨੂੰ ਛੱਟਦਾ ਹੈ

ਉਹ ਆਵੇ ਜਦ ਵੀ ਸ਼ਹਿਰ ਮੇਰੇ
ਮੇਰੇ ਗਰਾਂ ਦੀ ਮਿੱਟੀ ਵੰਡਦਾ ਹੈ

ਜ਼ਿੰਦਗੀ ਦੇ ਹਰ ਪੈਂਡੇ ਤੇ ਤੇਰਾ ਸਾਥ ਹੁੰਦਾ
ਤਾਂ ਹਰ ਸਫ਼ਰ ਮੈਂ ਤੈਅ ਕਰ ਲੈਂਦਾਂ
ਪਈਆਂ ਮੁਦੱਤਾਂ ਤੋਂ ਪੈਰਾਂ 'ਚ ਬੇੜੀਆਂ ਨੂੰ
ਇਕੋ ਹੱਲੇ ਮੈਂ ਤੋੜ ਦੇਦਾਂ

ਮਾਣ ਕਰਦਾ ਮੈਂ ਵੀ "ਮੈਂ ਬਿਰਖ਼" ਹੋਣ ਦਾ
ਜੇ ਮੇਰਾ ਮੇਰੇ ਪਰਛਾਵਿਆਂ ਨਾਲ
ਕੋਈ ਵੈਰ ਨਾ ਹੁੰਦਾ

ਫੁੱਟ ਪੈਂਦੀ ਕੋਈ ਸ਼ਾਖ਼ਾ "ਮੈਂ ਬਿਰਖ਼" ਦੀ
ਤੇਰੇ ਖ਼ਿਆਲਾਤ ਦੀ ਸਰਦਲ ਤੇ
ਜੇ ਇਕ ਬੁੱਲਾ ਵੀ ਹਵਾ ਦਾ
ਸੱਧਰਾਂ ਮੇਰੀਆਂ ਤੇ ਕਫ਼ਨ ਨਾ ਪਾ ਦੇਦਾਂ

ਉਲਝ ਕੇ ਰਹਿ ਗਿਆਂ ਹਾਂ
ਤੇਰੀ ਜ਼ੁਲਫ ਦੀ ਹਰ ਉਲਝਣ ਵਿਚ
ਨਾ ਉਲਝਦਾ ਤਾਂ ਸੂਰਜ ਵੀ
ਆਗ਼ੋਸ਼ 'ਚ ਸਮਾ ਲੈਦਾਂ

ਤੇਰੇ ਜਜ਼ਬਾਤਾਂ ਦੀ ਪਾਈ ਵਿਸਾਤ ਨਾ ਹੁੰਦੀ
ਤਾਂ ਮੇਰੀ ਹਰ ਸ਼ੈਅ ਤੇ ਤੇਰੀ ਮਾਤ ਹੁੰਦੀ
ਇੰਝ ਬਣ ਕੇ ਮੋਹਰਾ ਮੈਂ ਤੇਰੀ ਸ਼ਤਰੰਜ ਦਾ
ਆਪਣੇ ਆਪ ਨੂੰ ਅਸਲੋਂ ਉਖਾੜ ਨਾ ਦੇਦਾਂ

ਪੀੜ ਪ੍ਰਾਹੁਣੀ ਜਦ ਘਰ ਮੇਰੇ
ਆਣ ਖਲੋਈ ਵਿਹੜੇ ਵੇ
ਕਿੰਝ ਨਾ ਕਰਦਾ ਮੈਂ ਫਿਰ ਆਪਣੇ
ਘਰ ਆਇਆਂ ਦਾ ਸਤਿਕਾਰ ਵੇ

ਸੁਪਨੇ ਦੇ ਵਿਚ ਸਜਨ ਧਿਆਏ
ਆਏ ਤੇ ਮੁੜ੍ਹ ਚੱਲੇ ਨੀ ਮਾਏ
ਰੋਕਾਂ ਤਾਂ ਵਹਿ ਤੁਰਦੇ ਹੰਝੂ
ਇਹ ਏਸਾ ਫ਼ਨਕਾਰ ਵੇ

ਕੱਖਾਂ ਦੀ ਇਹ ਰਹਿ ਗਈ ਕੁੱਲੀ
ਮੁੱਲ ਨਾ ਕੋਈ ਪਾਵੇ ਵੇ
ਜਿਸ ਘਰ ਨਿੱਤ ਸੂਰਜ ਸੀ ਚੜ੍ਹਦਾ
ਅਜ ਉਹ ਵਿਚ ਅੰਧਕਾਰ ਵੇ

ਨਿੱਤ ਇਹ ਗ਼ਮਾ ਦੀ ਨ੍ਹੇਰੀ ਝੁਲਦੀ
ਰੁਖ ਵੀ ਛਾਂਗੇ ਛਾਂਗੇ ਵੇ
ਘਰ ਹੁਣ ਕਿਹੜੀ ਟਹਿਣੀ ਪਾਵੇ
ਚਹਿਕਣ ਪੰਛੀ ਕੁਰਲਾਣ ਵੇ

ਮੈਂ ਧਰਤੀ ਦੀ ਗੋਦ ਸਮਾਵਾਂ
ਜਾਂ ਅਗਨੀ ਦੀ ਭੇਂਟ ਹੋ ਜਾਵਾਂ
ਕੁਝ ਵੀ ਹੋਵੇ ਪਰ ਇਹ ਮੈਨੂੰ
ਸਜਨ ਘਰ ਲੈ ਜਾਣ ਵੇ

ਬੈਠਾ ਹਾਂ ਤਾਰੇ ਗਿਣਦਾ ਹਾਂ
ਤੇਰੇ ਝੂਠੇ ਲਾਰੇ ਗਿਣਦਾ ਹਾਂ

ਤੇਰੇ ਦਿਲ ਦੀ ਲੱਗੀ ਬਾਜੀ ਤੇ
ਕਿੰਨੇ ਜਿੱਤੇ ਜਾਂ ਹਾਰੇ ਗਿਣਦਾ ਹਾਂ

ਤਿੱਤਰ ਉਲੂੱ ਮੋਰ ਬਟੇਰੇ
ਯਾਰ ਉਂਗਲਾਂ ਤੇ ਸਾਰੇ ਗਿਣਦਾ ਹਾਂ

ਤੇਰੇ ਝੀਲ ਨੁਮਾ ਨੈਣਾਂ ਨੇ
ਡੋਬੇ ਜਾਂ ਤਾਰੇ ਗਿਣਦਾ ਹਾਂ

ਤੇਰੀ ਸੋਚ ਦੀ ਅਪੰਹੁਚ ਤੋਂ ਨਾ–ਵਾਕਿਫ਼
ਉਹ ਬੈਠੇ ਥੱਕ ਹਾਰੇ ਗਿਣਦਾ ਹਾਂ

ਕੁਝ ਭਟਕੇ ਤੇਰੀਆਂ ਜ਼ੁਲਫ਼ਾਂ ਦੇ ਆਸਰੇ ਹੋ ਗਏ
ਜੋ ਰਹਿ ਗਏ ਕੱਲੇ ਕਾਰੇ ਗਿਣਦਾ ਹਾਂ

ਤਰਕਸ਼ ਸੀ ਭਾਰੇ ਜਿਹਨਾਂ ਦੇ ਬੱਚ ਗਏ
ਬੇਗ਼ੁਨਾਹ ਜੋ ਗਏ ਮਾਰੇ ਗਿਣਦਾ ਹਾਂ

ਅੰਗਰੇਜ਼ੀ ਦਾ ਸਾਗ ਵਿਚ ਹਿੰਦੀ ਦਾ ਅਲੱਣ
ਤਹਜ਼ੀਬ ਗਵਾ ਕੇ ਹੁਣ ਕਿਹੜਾ ਘਰ ਲਭੱਣ

ਦੇਸੋਂ ਪ੍ਰਦੇਸ ਤੂੰ ਹੋ ਗਿਆਂ ਜਦੋਂ ਦਾ
'ਅਜ਼ੀਜ਼' ਤੋਂ 'ਐਜ਼ਜ਼' ਉਹ ਕਹਿ ਕੇ ਤੈਨੂੰ ਸਦੱਣ

ਨਾਮ ਵੀ ਗਵਾਇਆ ਪਹਿਚਾਣ ਵੀ ਗਵਾਈ
ਧਰਮ ਈਮਾਨ ਖੋ ਕੇ ਦੱਸੋ ਕੀ ਇਹ ਖਟੱਣ

ਆਪਣਾ ਈ ਰੰਗ ਮਿੱਟੀ ਆਪਣੀ ਦਾ ਹੁੰਦਾ
ਸਵਰਗ ਜੇ ਵੇਖਣਾ ਤਾਂ ਆਕੇ ਇੱਥੇ ਵਸੱਣ

ਲਿਸ਼ਕਾਂ ਲਿਸ਼ਕਾਰਿਆਂ ਤੇ ਸੂਰਤਾਂ ਨੇ ਮੋਹ ਲਿਆ
ਖ਼ੌਰੇ ਕਿੰਨਾ ਅਜੇ ਵੀ ਇਹ ਹੋਰ ਅੱਗੇ ਵਧੱਣ

ਸੋਚ ਤੇਰੀ ਤੇ ਕਾਬਜ਼ ਗੋਰਿਆਂ ਦਾ ਹੋਇਆ
ਮੋਹਰਾ ਤੈਨੂੰ ਉਹ ਬਣਾ ਕੇ ਚਾਲ ਆਪਣੀ ਹੀ ਚਲੱਣ

ਪੈਰ ਧਰਦੇ ਇਹ ਗੋਰੇ ਜਿਸ ਥਾਵੇਂ ਆਪਣਾ
ਵੇਲਾਂ ਵਾਂਗ ਵਧੱਦੇ ਸ਼ਿਕੰਜਾ ਆਪਣਾ ਇਹ ਕਸੱਣ

ਤਾਰੀਖ਼ ਆਪਣੇ ਅਸਲ ਵਜੂਦ 'ਚ
ਉਦੋਂ ਆਏਗੀ
ਜਦੋਂ ਤੱਕ ਇਹ ਸਾਡੀ
ਤੀਸਰੀ ਅੱਖ ਨਹੀਂ ਖੁੱਲ ਜਾਏਗੀ

ਜ਼ੁਲਮ ਦੀ ਚੱਕੀ ਪੀਂਹਦਿਆਂ ਪੀਂਹਦਿਆਂ
ਜੋ ਇਹਦੇ ਪੁੜਾਂ ਹੇਠ ਹੀ
ਪੀੜੇ ਗਏ ਕੁਚਲੇ ਗਏ
'ਹਾਅ' ਉਹਨਾਂ ਦੀ ਇਕ ਦਿਨ
'ਸਰਮਾਏਦਾਰੀ' ਨੂੰ ਧੂਲ ਚਟਾਏਗੀ

ਮੇਰੀ ਕਵਿਤਾ ਦਾ ਪੜ੍ਹਾਅ
ਉਦੋਂ ਤੱਕ ਨਾ-ਮੁਕੰਮਲ ਹੈ
ਜਦੋਂ ਤੱਕ ਕੋਈ
ਧਰਮ ਦੇ ਨਾਂ ਤੇ
ਆਪਣੀਆਂ ਖ਼ਵਾਇਸ਼ਾਂ ਦਾ
ਝੰਡਾ ਫ਼ਹਿਰਾਅ ਰਹੇ ਅਨਸਰਾਂ ਦੀ
ਕਬਰ ਤੇ ਫੁੱਲ ਨਹੀਂ ਚੜ੍ਹਾਏਗਾ

ਇਖ਼ਲਾਕ ਦੀ ਵਰਦੀ ਪਾਈ
ਪੈਗੰਬਰ ਬਣੀ ਬੈਠੇ
ਧੀਆਂ ਭੈਣਾਂ ਦੀ ਇਜ਼ਤ ਨੂੰ
ਪੈਰਾਂ ਦੀ ਜੁੱਤੀ ਸਮਝਣ ਵਾਲਿਆਂ ਦੀ
ਹਿੱਕ ਤੇ ਮੂੰਗ ਨਹੀਂ ਧਰੇਗਾ
ਧਰਤੀ ਵਿਚ ਗੱਡ ਕੇ
ਸਿਰ ਕਲਮ ਨਹੀਂ ਕਰ ਦੇਵੇਗਾ

ਅਨਪੜ੍ਹਤਾ ਦੇ ਹਨੇਰੇ ’ਚ ਖੜ੍ਹੇ ਹਾਂ
ਤਦੇ ਤਾਂ ਅਸੀਂ
ਗੁੰਮਨਾਮੀ ਦੀਆਂ ਜੰਜੀਰਾਂ ’ਚ ਜਕੜ੍ਹੇ ਹਾਂ
ਮੇਰੀ ਆਵਾਜ਼
ਉਸ ਵਕਤ ਤੱਕ ਗੂੰਜੇਗੀ
ਜਦੋਂ ਤੱਕ ਇਹ ਸਾਡੀ
ਤੀਸਰੀ ਅੱਖ ਨਹੀਂ ਖੁੱਲ ਜਾਵੇਗੀ

ਅਜ ਤੋਂ ਬਾਅਦ ਮੇਰੀ ਹਰ ਕਵਿਤਾ, ਹਰ ਸ਼ਬਦ, ਹਰ ਵਾਕ
ਤੇਰੇ ਪਿਆਰ ਦਾ ਮੁਹਤਾਜ਼ ਹੋਵੇਗਾ
ਸਾਡੇ ਇਸ਼ਕ ਦੇ ਸਫਰ ਦਾ ਹਰ ਪੱਲ, ਹਰ ਦੌਰ
ਇਸਦੇ ਰਾਹੀਂ ਬਿਆਨ ਹੋਵੇਗਾ ।

ਕੀ ਹੋਇਆ ਨਾ ਮਿਲ ਸਕਿਆ, ਜੇ ਮੁਕਾਮ ਸਾਡੇ ਪਿਆਰ ਨੂੰ
ਪਰ ਜੋ ਇਕਰਾਰ, ਜੋ ਖਿਆਲ
ਕਿੱਧਰੇ ਬੇਜ਼ੁਬਾਨ ਸਾਡੇ ਮਨਾਂ ਅੰਦਰ ਧੜਕਦੇ ਰਹੇ
ਇਸਦੇ ਸਾਹੀਂ ਉਹ ਹਰ ਲਫਜ਼ ਇਸਦੀ ਆਵਾਜ਼ ਹੋਵੇਗਾ ।

ਤੂੰ ਅਜ ਵੀ ਕਿੱਧਰੇ ਜ਼ਰੂਰ ਮੇਰੇ ਆਸ-ਪਾਸ ਹੀ ਹੈਂ
ਨਹੀ ਤੇ ਟੁੱਟ ਕੇ ਕਦੋਂ ਦਾ ਵਿਖਰ ਗਿਆ ਹੁੰਦਾ ਮੈਂ
ਪਰ ਇਕ ਵਿਸ਼ਵਾਸ ਸੀ, ਇਕ ਅਹਿਸਾਸ ਸੀ
ਜੋ ਹਰ ਕੜੀ ਨੂੰ ਜੋੜਦੀ ਰਹੀ
ਸ਼ਾਇਦ ਇਹੀ ਸਾਡੇ ਪਿਆਰ ਦਾ ਇਕਰਾਰ ਹੋਵੇਗਾ ।

ਤੂੰ ਅਜ ਵੈਸੇ ਤਾਂ ਬਹੁਤ ਦੂਰ ਹੈਂ
ਪਰ ਮੈਂ ਕਦੇ ਵੀ ਤੈਨੂੰ ਆਪਣੇ ਤੋਂ ਦੂਰ ਨਹੀ ਕੀਤਾ
ਤੂੰ ਮੇਰੇ ਖਿਆਲਾਂ 'ਚ ਮੇਰੀਆਂ ਰਚਨਾਵਾਂ 'ਚ
ਜੀਵੰਦੀ ਰਹੀ, ਧੜਕਦੀ ਰਹੀ
ਇਹ ਬਸ ਤੇਰਾ ਹੀ ਸੁਭਾਅ ਹੋਵੇਗਾ ।

ਮੈਨੂੰ ਯਾਦ ਹੈ ਅਜ ਵੀ ਉਹ ਦਰਗਾਹ
ਜਿਥੇ ਆਪਾਂ ਇਕ ਦੂਸਰੇ ਲਈ ਇਰਤਜ਼ਾਹ ਕੀਤੀ ਸੀ,
ਦੁਆ ਕੀਤੀ ਸੀ
ਸ਼ਾਇਦ ਉਹ ਮੰਜਰ ਹੀ
ਸਾਡੇ ਪਿਆਰ ਦਾ ਪਹਿਲਾ ਪੜਾਵ ਹੋਵੇਗਾ।

ਅਜ ਰੁੱਖਾਂ ਨੂੰ ਝੂਮਦੇ ਵੇਖਦਾ ਹਾਂ
ਇਹਨਾਂ ਨਾਲ ਅਠਖੇਲੀਆਂ ਕਰਦੇ
ਇਹ ਫੁੱਲ ਇਹ ਟਹਿਣੀਆਂ ਇਹ ਲਰਾਂ
ਸ਼ਾਇਦ ਇਹੀਓ ਸਭ ਇਹਦਾ ਸੰਸਾਰ ਹੋਵੇਗਾ

ਇਹ ਪੌਣਾਂ ‘ਚ ਮਹਿਕਦੀ ਖੁਸ਼ਬੋ, ਮੱਧਮ ਜਿਹੀ ਵੱਗਦੀ ਹਵਾ
ਪਤਿੱਆਂ ਦੇ ਪਿੰਡੇ ਤੇ ਰੁਮਕਦਾ,
ਤ੍ਰੇਲ ਦੀਆਂ ਬੂੰਦਾਂ ਦਾ ਹਾਸਾ
ਪਿਆਰ ਨੂੰ ਦਰਸਾਓਣ ਲਈ
ਸ਼ਾਇਦ ਕੁਦਰਤ ਦਾ ਇਹ ਅੰਦਾਜ਼ ਹੋਵੇਗਾ ।

ਪੈਲੀਆਂ ‘ਚ ਚਰਦੇ ਵੱਗ
ਤੇ ਕਿੱਧਰੇ ਖੂਹ ਦੀਆਂ ਟਿੰਡਾਂ ਦਾ ਰਾਗ
ਰਾਹ ਜਾਂਦੀਆਂ ਸੁਆਣੀਆਂ ਦੇ
ਸਿਰ ਤੇ ਭੱਤਾ ਤੇ ਪੈਰਾਂ ‘ਚ ਝਾਂਜਰਾਂ ਦੀ ਛਣਕਾਰ
ਇਹ ਕੋਈ
ਸੰਗੀਤ ਦੀ ਸੁਰਮਈ ਸਹਰ ਦਾ ਆਗਾਜ਼ ਹੋਵੇਗਾ ।

ਤੂੰ ਸ਼ਾਇਦ ਮੇਰੇ ਦਿਲ ਦੀ ਸੁਣ ਲਈ ਸੀ ਪਰ ਕਹਿ ਨਾ ਸਕੀ
ਮੈਂ ਤੇ ਗੱਲਾਂ ਗੱਲਾਂ ‘ਚ ਸਭ ਕੁਝ ਬਿਆਨ ਕੀਤਾ
ਤੇ ਸ਼ਾਇਦ ਤੂੰ ਜਾਣ ਨਾ ਸਕੀ, ਖੁਦਾ ਦੀ ਮਰਜ਼ੀ ਕੀ ਕਰੀਏ
ਸਾਡੇ ਪਿਆਰ ਦਾ ਸ਼ਾਇਦ ਇਹੋ ਅੰਜ਼ਾਮ ਹੋਵੇਗਾ ।

ਹੁਣ ਫਿਕਰ ਹੈ ਤਾਂ ਬਸ ਇਸ ਦਿਲ ਦਾ

ਜੋ ਹਰ ਘੜੀ ਤੈਨੂੰ ਯਾਦ ਕਰਦਾ ਹੈ

ਉਸ ਗੁਜ਼ਰੇ ਹਰ ਪੱਲ ਨੂੰ

ਜਦ ਮਨ ਕਰੇ ਇਹਨਾਂ ਕਾਗਜ਼ਾਂ ਤੇ ਉਤਾਰਦਾ ਹੈ

ਸ਼ਾਇਦ ਇਹੀ ਇਸ ਬਿਮਾਰ ਦਿਲ ਦਾ ਆਰਾਮ ਹੋਵੇਗਾ ।

ਮੈਂ ਤੈਨੂੰ ਕਿਵੇਂ ਦੱਸਾਂ ਕਿ ਕਿਸ ਤਰਾਂਹ

ਮੈਂ ਤੇਰੀਆਂ ਯਾਦਾਂ ਨੂੰ ਸੰਜੋਅ ਕੇ ਰਖਿੱਆ ਹੈ

ਤੇਰੀਆਂ ਸ਼ਰਾਰਤਾਂ ਤੇਰਾ ਚੁਲਬੁਲਾਪਣ,

ਤੇਰਾ ਖੁੱਲ ਕੇ ਹੱਸਣਾ ਤੇ ਗੱਲ ਕਰਨਾ

ਇਹ ਸਭ ਮੇਰੇ ਹਸ਼ਰ ਤੱਕ

ਤੇਰੀਆਂ ਯਾਦਾਂ ਦਾ ਸਾਮਾਨ ਹੋਵੇਗਾ